Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 3 : # ਅੰਕ 322 18/03/2025 www.samajweekly.com samajweekly @samajweekly samajweekly

# ਅੰਤ੍ਰਿੰਗ ਕਮੇਟੀ ਦੀ ਮੀਟਿੰਗ 'ਚ ਹਰਜਿੰਦਰ ਸਿੰਘ ਧਾਮੀ ਦਾ ਅਸਤੀਫਾ ਨਾਮਨਜ਼ੂਰ

## ਹਰਜਿੰਦਰ ਸਿੰਘ ਧਾਮੀ ਨੇ ਅਸਤੀਫ਼ਾ ਵਾਪਸ ਲੈਣ ਬਾਰੇ ਆਖ਼ਰੀ ਫ਼ੈਸਲਾ ਕਰਨ ਲਈ ਇਕ ਦਿਨ ਦਾ ਮੰਗਿਆ ਸਮਾਂ

**ਹੁਸ਼ਿਆਰਪੁਰ ।** ਹਰਜਿੰਦਰ ਸਿੰਘ ਧਾਮੀ ਦੇ ਨਾਲ ਅੰਤ੍ਰਿੰਗ ਕਮੇਟੀ ਦੀ ਚਲੀ ਲੰਬੀ ਮੀਟਿੰਗ ਤੋਂ ਬਾਅਦ ਸੁਰਜੀਤ ਸਿੰਘ ਤੁਗਲਵਾਦ ਨੇ ਬਾਹਰ ਆ ਕੇ ਬਿਆਨ ਦਿੱਤਾ ਕਿ ਹਰਜਿੰਦਰ ਸਿੰਘ ਧਾਮੀ ਨਾਲ ਵਿਚਾਰ ਚਰਚਾ ਹੋਈ ਹੈ ਅਤੇ ਧਾਮੀ ਨੇ ਇੱਕ ਦਿਨ ਦਾ ਸਮਾਂ ਮੰਗਿਆ ਹੈ ਕਿ ਇਸ ਤੋਂ ਬਾਅਦ ਉਹ ਆਪਣਾ ਫੈਸਲਾ ਸੁਣਾਣਗੇ। ਉਹਨਾਂ ਨੇ ਕਿਹਾ ਕਿ ਹਰਜਿੰਦਰ ਸਿੰਘ ਧਾਮੀ ਦੇ ਹਾਂ ਵਾਲੇ ਫੈਸਲੇ ਤੇ ਬਹੁਤ ਵਿਚਾਰਾਂ ਹੋਈਆਂ ਹਨ ਅਤੇ ਉਹਨਾਂ ਨੂੰ ਆਸ ਹੈ ਕਿ ਆਉਣ ਵਾਲੇ ਕੱਲ ਨੂੰ ਹਰਜਿੰਦਰ ਸਿੰਘ ਧਾਮੀ ਆਪਣਾ ਅਹੁਦਾ ਸੰਭਾਲ ਲੈਣਗੇ। ਉਨ੍ਹਾਂ ਨੇ ਕਿਹਾ ਹੈ ਕਿ ਹਰਜਿੰਦਰ ਸਿੰਘ ਧਾਮੀ ਨੇ ਐਸਜੀਪੀਸੀ ਦੇ ਅਹੁਦੇ ਤੋਂ ਅਸਤੀਫਾ ਦਿੱਤਾ ਹੈ ਉਸ ਤੋਂ ਬਾਅਦ ਲਗਾਤਾਰ ਇਹ ਪੰਜਵੀਂ ਮੀਟਿੰਗ ਸੀ ਅਤੇ ਇਹ ਮੀਟਿੰਗਾਂ ਦਾ ਦੌਰ ਉਸ



ਦਿਨ ਤੋਂ ਹੀ ਜਾਰੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਧਾਮੀ ਨੂੰ ਮਨਾਉਣ ਦੀ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅੰਤ੍ਰਿੰਗ ਕਮੇਟੀ ਦੀ ਅੱਜ ਚੰਡੀਗੜ੍ਹ ਵਿੱਚ ਹੋਈ ਮੀਟਿੰਗ ਦੇ ਵਿੱਚ ਹਰਜਿੰਦਰ ਸਿੰਘ ਧਾਮੀ ਦਾ ਅਸਤੀਫਾ ਨਾ ਮਨਜ਼ੂਰ ਕੀਤਾ ਗਿਆ ਜਿਸ ਤੋਂ ਬਾਅਦ ਕਮੇਟੀ ਦੇ ਸਾਰੇ ਮੈਂਬਰ ਹੁਸ਼ਿਆਰਪੁਰ ਵਿਖੇ ਹਰਜਿੰਦਰ ਸਿੰਘ ਧਾਮੀ ਦੀ ਰਿਹਾਇਸ਼ ਤੇ ਪਹੁੰਚੇ ਅਤੇ ਧਾਮੀ ਨਾਲ ਵਿਚਾਰ ਚਰਚਾ ਕੀਤੀ। ਮੀਟਿੰਗ ਵਿੱਚ ਰਘੂਜੀਤ ਸਿੰਘ ਵਿਰਕ ਸੀਨੀਅਰ ਮੀਤ ਪ੍ਰਧਾਨ ਬਲਦੇਵ ਸਿੰਘ ਕਲਿਆਣ ਜੂਨੀਅਰ ਮੀਤ ਪ੍ਰਧਾਨ ਸ਼ੇਰ ਸਿੰਘ ਮੰਡਵਾਲਾ ਜਨਰਲ ਸਕੱਤਰ ਸੁਰਜੀਤ ਸਿੰਘ ਤੁਗਲਵਾਲ ਐਗਜੈਕਟਿਵ ਮੈਂਬਰ ਰਵਿੰਦਰ ਸਿੰਘ ਖਾਲਸਾ ਕੁਲਵੰਤ ਸਿੰਘ ਮੁੱਖ ਸਕੱਤਰ ਪਰਮਜੀਤ ਸਿੰਘ ਖਾਲਸਾ ਆਦਿ ਹਾਜ਼ਰ ਸਨ।

## ਨਾਗਪੁਰ ਵਿੱਚ ਮੁਸਲਿਮ ਤੇ ਹਿੰਦੂ ਭਾਈਚਾਰੇ ਦਰਮਿਆਨ ਤਕਰਾਰ

**ਨਾਗਪੁਰ।** ਇੱਥੇ ਅੱਜ ਉਸ ਵੇਲੇ ਤਣਾਅ ਵਾਲਾ ਮਾਹੌਲ ਬਣ ਗਿਆ ਜਦੋਂ ਔਰੰਗਜ਼ੇਬ ਦੀ ਕਬਰ ਦੇ ਵਿਵਾਦ ਦੇ ਚਲਦਿਆਂ ਦੋ ਫਿਰਕਿਆਂ ਵਿਚ ਹਿੰਸਾ ਭੜਕ ਗਈ। ਇਸ ਦੌਰਾਨ ਮੁਸਲਿਮ ਭਾਈਚਾਰੇ ਦੇ ਪਵਿੱਤਰ ਗ੍ਰੰਥ ਨੂੰ ਸਾੜਨ ਦੀਆਂ ਅਫਵਾਹਾਂ ਕਾਰਨ ਪ੍ਰਦਰਸ਼ਨਕਾਰੀਆਂ ਨੇ ਪੁਲੀਸ 'ਤੇ ਪਥਰਾਅ ਕੀਤਾ ਜਿਸ ਤੋਂ ਬਾਅਦ ਪੁਲੀਸ ਨੇ ਅੱਥਰੂ ਗੈਸ ਛੱਡੀ। ਇਸ ਦੌਰਾਨ ਚਾਰ ਜਣੇ ਜ਼ਖਮੀ ਹੋ ਗਏ। ਜਾਣਕਾਰੀ ਅਨੁਸਾਰ ਪੁਲੀਸ ਨੇ ਚਿਤਨੀਸ ਪਾਰਕ ਅਤੇ ਮਹਿਲ ਖੇਤਰਾਂ ਵਿੱਚ ਭੀੜ ਨੂੰ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲੇ ਛੱਡੇ ਅਤੇ ਲਾਠੀਚਾਰਜ ਕੀਤਾ। ਅਧਿਕਾਰੀਆਂ ਨੇ ਦੱਸਿਆ ਕਿ ਚਿਤਨੀਸ ਪਾਰਕ ਤੋਂ ਸ਼ੁਕਰਾਵਰੀ ਤਲਾਓ ਰੋਡ ਖੇਤਰ ਹਿੰਸਾ ਨਾਲ ਸਭ ਤੋਂ ਵੱਧ ਪ੍ਰਭਾਵਿਤ ਹੋਇਆ ਜਿੱਥੇ ਪ੍ਰਦਰਸ਼ਨਕਾਰੀਆਂ ਨੇ ਕਈ ਵਾਹਨਾਂ ਨੂੰ ਅੱਗ ਲਗਾ ਦਿੱਤੀ। ਇਹ ਵਿਵਾਦ ਸ਼ਾਮ ਵੇਲੇ ਬਜਰੰਗ ਦਲ ਦੇ ਮੈਂਬਰਾਂ ਵੱਲੋਂ ਮਹਿਲ ਖੇਤਰ ਵਿੱਚ ਛਤਰਪਤੀ ਸ਼ਿਵਾਜੀ ਮਹਾਰਾਜ ਦੇ ਬੁੱਤ ਨੇੜੇ ਪ੍ਰਦਰਸ਼ਨ ਕਰਨ ਤੋਂ ਥੋੜ੍ਹੀ ਦੇਰ ਬਾਅਦ ਸ਼ੁਰੂ ਹੋਇਆ। ਪੁਲੀਸ ਅਨੁਸਾਰ ਇਹ ਅਫਵਾਹਾਂ ਫੈਲੀਆਂ ਕਿ ਅੰਦੋਲਨ ਦੌਰਾਨ ਕੁਰਾਨ ਨੂੰ ਸਾੜਿਆ ਗਿਆ ਸੀ। ਬਜਰੰਗ



ਦਲ ਦੇ ਪ੍ਰਦਰਸ਼ਨ ਦੀਆਂ ਵੀਡੀਓਜ਼ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋਈਆਂ, ਜਿਸ ਕਾਰਨ ਮੁਸਲਿਮ ਭਾਈਚਾਰੇ ਦੇ ਮੈਂਬਰਾਂ ਵਿੱਚ ਰੋਸ ਫੈਲ ਗਿਆ। ਉਨ੍ਹਾਂ ਗਣੇਸ਼ਪੇਠ ਪੁਲੀਸ ਸਟੇਸ਼ਨ ਵਿੱਚ ਪਵਿੱਤਰ ਗ੍ਰੰਥ ਨੂੰ ਸਾੜਨ ਦੇ ਦੋਸ਼ ਵਿੱਚ ਸ਼ਿਕਾਇਤ ਦਰਜ ਕਰਵਾਈ। ਇਸ ਤੋਂ ਬਾਅਦ ਮਹਿਲ, ਕੋਤਵਾਲੀ, ਗਣੇਸ਼ਪੇਠ ਅਤੇ ਚਿਤਨਵੀਸ ਪਾਰਕ ਸਮੇਤ ਸ਼ਹਿਰ ਦੇ ਵੱਖ-ਵੱਖ ਹਿੱਸਿਆਂ ਵਿੱਚ ਵੱਡੀ ਗਿਣਤੀ ਵਿੱਚ ਮੁਸਲਿਮ ਭਾਈਚਾਰੇ ਦੇ ਮੈਂਬਰ ਇਕੱਠੇ ਹੋਏ ਤੇ ਰੋਸ ਪ੍ਰਦਰਸ਼ਨ ਕੀਤਾ।

## ਧਾਰਮਿਕ ਅਸਥਾਨ 'ਤੇ ਵਿਸਫੋਟਕ ਸੁੱਟਣ ਵਾਲਾ ਮੁਲਜ਼ਮ ਪੁਲੀਸ ਮੁਕਾਬਲੇ 'ਚ ਹਲਾਕ, ਦੂਜਾ ਫ਼ਰਾਰ

**ਅੰਮ੍ਰਿਤਸਰ।** ਇਥੇ ਖੰਡ ਵਾਲਾ ਵਿਖੇ ਧਾਰਮਿਕ ਅਸਥਾਨ 'ਤੇ ਧਮਾਕਾ ਕਰਨ ਦੇ ਮਾਮਲੇ ਵਿੱਚ ਲੋੜੀਂਦੇ ਇਕ ਮੁਲਜ਼ਮ ਦੀ ਅੱਜ ਪੁਲੀਸ ਨਾਲ ਹੋਏ ਮੁਕਾਬਲੇ ਦੌਰਾਨ ਮੌਤ ਹੋ ਗਈ ਜਦੋਂਕਿ ਦੂਜਾ ਫ਼ਰਾਰ ਹੋ ਗਿਆ। ਸ਼ੁੱਕਰਵਾਰ ਅਤੇ ਸ਼ਨਿੱਚਰਵਾਰ ਦੀ ਦਰਮਿਆਨੀ ਰਾਤ ਨੂੰ ਖੰਡ ਵਾਲਾ ਵਿਖੇ ਠਾਕੁਰ ਦੁਆਰਾ ਮੰਦਰ 'ਤੇ ਦੋ ਮੋਟਰਸਾਈਕਲ ਸਵਾਰ ਅਣਪਛਾਤੇ ਵਿਅਕਤੀਆਂ ਵੱਲੋਂ ਗ੍ਰਨੇਡ ਵਰਗੀ ਕੋਈ ਵਿਸਫੋਟਕ ਸਮੱਗਰੀ ਸੁੱਟੀ ਗਈ ਸੀ। ਪੁਲੀਸ ਵੱਲੋਂ ਇਨ੍ਹਾਂ ਵਿਅਕਤੀਆਂ ਦੀ ਭਾਲ ਕੀਤੀ ਜਾ ਰਹੀ ਸੀ।

ਮਿਲੀ ਜਾਣਕਾਰੀ ਮੁਤਾਬਕ ਪੁਲੀਸ ਵੱਲੋਂ ਮੋਟਰਸਾਈਕਲ ਦੇ ਨੰਬਰ ਤੋਂ ਇਸ ਦੇ ਮਾਲਕ ਅਤੇ ਬਾਅਦ ਵਿੱਚ ਘਟਨਾ ਵੇਲੇ ਮੋਟਰਸਾਈਕਲ ਵਰਤਣ ਵਾਲਿਆਂ ਦੀ ਪਛਾਣ ਕੀਤੀ ਗਈ ਸੀ। ਇਸ ਤੋਂ ਬਾਅਦ ਪੁਲੀਸ ਵੱਲੋਂ ਉਨ੍ਹਾਂ ਦੀ ਲਗਾਤਾਰ ਪੈੜ ਨੱਪੀ ਜਾ ਰਹੀ ਸੀ। ਮਿਲੀ ਜਾਣਕਾਰੀ ਮੁਤਾਬਕ ਪੁਲੀਸ ਨੂੰ ਇਨ੍ਹਾਂ ਦੇ ਏਅਰਪੋਰਟ ਰੋਡ 'ਤੇ ਰਾਜਾਸਾਂਸੀ ਨੇੜੇ ਹੋਣ ਬਾਰੇ



ਸੂਚਨਾ ਮਿਲੀ ਸੀ, ਜਿਸ ਤੋਂ ਬਾਅਦ ਪੁਲੀਸ ਨੇ ਇਨ੍ਹਾਂ ਦਾ ਪਿੱਛਾ ਕੀਤਾ। ਜਦੋਂ ਇਨ੍ਹਾਂ ਨੂੰ ਰੋਕਿਆ ਤਾਂ ਉਨ੍ਹਾਂ ਪੁਲੀਸ 'ਤੇ ਗੋਲੀ ਚਲਾਈ। ਪੁਲੀਸ ਦੀ ਜਵਾਬੀ ਗੋਲੀਬਾਰੀ ਵਿਚ ਇੱਕ ਦੀ ਮੌਤ ਹੋ ਗਈ ਹੈ ਜਦੋਂਕਿ ਦੂਜਾ ਫ਼ਰਾਰ ਹੋ ਗਿਆ।

ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਐਕਸ 'ਤੇ ਇਕ ਪੋਸਟ ਵਿਚ ਰਾਜਾਸਾਂਸੀ ਨੇੜੇ ਹੋਏ ਮੁਕਾਬਲੇ 'ਚ ਇਕ ਮੁਲਜ਼ਮ ਦੇ ਮਾਰੇ ਜਾਣ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੁਵੱਲੀ ਗੋਲੀਬਾਰੀ ਦੌਰਾਨ ਹੈੱਡ ਕਾਂਸਟੇਬਲ ਗੁਰਪ੍ਰੀਤ ਸਿੰਘ ਜ਼ਖ਼ਮੀ ਹੋ ਗਿਆ ਤੇ ਇੰਸਪੈਕਟਰ ਅਮੋਲਕ ਸਿੰਘ ਦੀ ਪੱਗ ਵਿਚ ਗੋਲੀ ਲੱਗੀ। ਯਾਦਵ ਨੇ ਕਿਹਾ ਕਿ ਫ਼ਰਾਰ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਕੋਸ਼ਿਸ਼ਾਂ ਜਾਰੀ ਹਨ। ਉਨ੍ਹਾਂ ਕਿਹਾ ਕਿ ਇਸ ਸਬੰਧ ਵਿਚ ਹਵਾਈ ਅੱਡਾ ਪੁਲੀਸ ਥਾਣੇ ਵਿਚ ਐੱਫਆਈਆਰ ਦਰਜ ਕੀਤੀ ਗਈ ਹੈ।ਪੁਲੀਸ ਕਮਿਸ਼ਨਰ ਗੁਰਪ੍ਰੀਤ ਸਿੰਘ ਭੁੱਲਰ ਤੇ ਹੋਰ ਪੁਲੀਸ ਅਧਿਕਾਰੀਆਂ ਨੇ ਘਟਨਾ ਵਾਲੀ ਥਾਂ ਦਾ ਦੌਰਾ ਕੀਤਾ। ਮਗਰੋਂ ਉਨ੍ਹਾਂ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਮੁਕਾਬਲੇ ਦੌਰਾਨ ਮਾਰੇ ਗਏ ਮੁਲਜ਼ਮ ਦੀ ਸ਼ਨਾਖਤ ਗੁਰਸਿਧਕ ਸਿੰਘ ਵਜੋਂ ਹੋਈ ਹੈ। ਉਸ ਦਾ ਸਾਥੀ ਵਿਸ਼ਾਲ ਉਰਫ ਚੂਈ ਫਰਾਰ ਹੈ, ਜਿਸ ਦੀ ਭਾਲ ਜਾਰੀ ਹੈ ਅਤੇ ਜਲਦੀ ਹੀ ਉਸ ਨੂੰ ਵੀ ਕਾਬੂ ਕਰ ਲਿਆ ਜਾਵੇਗਾ। ਉਨ੍ਹਾਂ ਦੱਸਿਆ ਕਿ ਪੁਲੀਸ ਟੀਮ ਨੇ ਇਹ ਹਮਲਾ ਕਰਨ ਵਾਲੇ ਦੋ ਮੁਲਜ਼ਮਾਂ ਦੀ ਸ਼ਨਾਖਤ ਕਰ ਲਈ ਸੀ। ਹਵਾਈ ਅੱਡਾ ਰੋਡ 'ਤੇ ਜਦੋਂ ਇਨ੍ਹਾਂ ਨੂੰ ਰੋਕਿਆ ਗਿਆ ਤਾਂ ਉਨ੍ਹਾਂ ਪੁਲੀਸ ਪਾਰਟੀ 'ਤੇ ਫਾਇਰਿੰਗ ਕੀਤੀ। ਇਨ੍ਹਾਂ ਵੱਲੋਂ ਪੰਜ ਫਾਇਰ ਕੀਤੇ ਗਏ, ਜਿਸ ਵਿੱਚੋਂ ਇੱਕ ਗੋਲੀ ਪੁਲੀਸ ਵਾਹਨ 'ਤੇ ਲੱਗੀ ਹੈ, ਇੱਕ ਹੈਡ ਕਾਂਸਟੇਬਲ ਦੀ ਖੱਬੀ ਬਾਂਹ ਤੇ ਅਤੇ ਇੱਕ ਇੰਸਪੈਕਟਰ ਦੀ ਪੱਗ ਵਿੱਚ ਲੱਗੀ ਹੈ। ਬਚਾਅ ਵਜੋਂ ਪੁਲੀਸ ਨੇ ਵੀ ਗੋਲੀ ਚਲਾਈ, ਜਿਸ ਵਿੱਚ ਗੁਰਸਿਧਕ ਜ਼ਖ਼ਮੀ ਹੋ ਗਿਆ ਸੀ। ਉਨ੍ਹਾਂ ਦੱਸਿਆ ਕਿ ਪੁਲੀਸ ਜ਼ਖ਼ਮੀ ਹੋਏ ਹੈਡ ਕਾਂਸਟੇਬਲ ਅਤੇ ਮੁਲਜ਼ਮ ਦੋਵਾਂ ਨੂੰ ਹਸਪਤਾਲ ਲੈ ਕੇ ਗਈ ਸੀ, ਜਿੱਥੇ ਮੁਲਜ਼ਮ ਦੀ ਮੌਤ ਹੋ ਗਈ ਹੈ। ਉਨ੍ਹਾਂ ਦੱਸਿਆ ਕਿ ਮੰਦਰ ਹਮਲੇ ਪਿੱਛੇ ਵਿਦੇਸ਼ ਬੈਠੇ ਗੈਂਗਸਟਰਾਂ ਅਤੇ ਅਤਿਵਾਦੀਆਂ ਦਾ ਹੱਥ ਹੈ, ਜੋ ਪੰਜਾਬ ਵਿੱਚ ਸ਼ਾਂਤੀ ਭੰਗ ਕਰਨਾ ਚਾਹੁੰਦੇ ਹਨ।

# ਤਰਨਤਾਰਨ ਵਿਖੇ ਪੁਲਿਸ ਅਤੇ ਨਸ਼ਾ ਤਸਕਰਾਂ ਵਿਚਾਲੇ ਮੁਕਾਬਲਾ, 4 ਗ੍ਰਿਫ਼ਤਾਰ

**ਤਰਨਤਾਰਨ।** ਤਰਨਤਾਰਨ ਪੁਲਿਸ ਵੱਲੋਂ ਲਗਾਤਾਰ ਪੰਜਾਬ ਸਰਕਾਰ ਵੱਲੋਂ ਚਲਾਈ ਗਈ ਮੁਹਿੰਮ ਯੁੱਧ ਨਸ਼ਿਆਂ ਵਿਰੁੱਧ ਨਸ਼ਾ ਤਸਕਰਾਂ ਖਿਲਾਫ ਠੋਸ ਕਾਰਵਾਈਆਂ ਕੀਤੀਆਂ ਜਾ ਰਹੀਆਂ ਹਨ ਜਿਸ ਤਹਿਤ ਅੱਜ ਤਰਨ ਤਰਨ ਪੁਲਿਸ ਵੱਲੋਂ ਅੰਤਰਰਾਸ਼ਟਰੀ ਸਰਹੱਦ ਨੇੜੇ ਨਸ਼ਾ ਤਸਕਰਾਂ ਅਤੇ ਹਥਿਆਰਾਂ ਦੇ ਵਪਾਰੀਆਂ ਵਿਰੁੱਧ ਵੱਡੀ ਕਾਰਵਾਈ ਨੂੰ ਅੰਜਾਮ ਦਿੱਤਾ ਗਿਆ ਹੈ। ਦੱਸ ਦਈਏ ਕਿ ਸਰਹੱਦ ਪਾਰ ਤੋਂ ਡਰੋਨ ਰਾਹੀਂ ਨਸ਼ਾ ਅਤੇ ਹਥਿਆਰ ਤਸਕਰੀ ਵਿੱਚ ਲਿਪਤ ਇੱਕ ਅੰਤਰਰਾਸ਼ਟਰੀ ਗਰੋਹ ਦੇ ਦੋ ਮੈਂਬਰਾਂ ਨੂੰ ਤਰਨਤਾਰਨ ਪੁਲਿਸ ਵੱਲੋਂ ਗ੍ਰਿਫਤਾਰ ਕਰਨ ਵਿੱਚ ਵੱਡੀ ਸਫਲਤਾ ਹਾਸਿਲ ਕੀਤੀ ਹੈ। ਇਸ ਮੌਕੇ ਮੀਡੀਆ ਨੂੰ ਜਾਣਕਾਰੀ ਦਿੰਦਿਆਂ ਤਰਨ ਤਾਰਨ ਦੇ ਐਸਐਸਪੀ ਅਭੀਮਨਿਓ ਰਾਣਾ ਨੇ ਦੱਸਿਆ ਕੀ ਤਰਨ ਤਰਨ ਪੁਲਿਸ ਨੂੰ ਸੂਚਨਾ ਮਿਲੀ ਸੀ ਕਿ ਵਿਜੇ ਤੇ



ਗੁਰਜੰਟ ਨਾਮਕ ਨਸ਼ਾ ਤਸਕਰ ਪਾਕਿਸਤਾਨ ਤੋਂ ਨਸ਼ਾ ਅਤੇ ਹਥਿਆਰ ਸਮਗਲ ਕਰਨ ਦੀ ਫ਼ਿਰਾਕ ਵਿੱਚ ਹਨ। ਜਿਸ ਤੇ ਗੁਪਤ ਸੂਚਨਾ ਮਿਲਦਿਆਂ ਹੀ ਤਰਨਤਾਰਨ ਪੁਲਿਸ ਵੱਲੋਂ ਇਸ ਤੇ ਕਾਰਵਾਈ ਕੀਤੀ ਗਈ । ਜਿਸ ਵਿੱਚ ਝਬਾਲ ਤੋ ਬਾਬਾ ਬੁੱਢਾ ਸਾਹਿਬ ਨੂੰ ਜਾਂਦੀ ਸੜਕ ਤੇ ਬਗਿਆੜੀ ਰੋਡ ਨਜ਼ਦੀਕ ਸੂਏ ਤੇ ਪੁਲਿਸ ਤੇ ਅੰਤਰਰਾਸ਼ਟਰੀ ਨਸ਼ਾ ਸਮਗਲਾਂ ਵਿਚਾਲੇ ਮੁੱਠਭੇੜ ਹੋਈ ਜਿਸ ਵਿੱਚ ਅੰਤਰਰਾਸ਼ਟਰੀ ਕ੍ਰੋਧ ਦੇ ਮੈਂਬਰਾਂ ਵੱਲੋਂ ਪੁਲਿਸ ਤੇ ਫਾਇਰਿੰਗ ਕੀਤੀ ਗਈ ਤਾਂ ਜਦੋਂ ਜਵਾਬੀ ਫਾਇਰਿੰਗ ਪੁਲਿਸ ਵੱਲੋਂ ਕੀਤੀ ਗਈ ਤਾਂ ਇਸ ਦੌਰਾਨ ਵਿਜੇ ਤੇ ਸਾਗਰ ਨਮਕ ਨੌਜਵਾਨਾਂ ਦੇ ਗੋਲੀ ਲੱਗੀ ਜਿਸ ਨਾਲੋਂ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਐਸਐਸਪੀ ਨੇ ਦੱਸਿਆ ਕਿ ਇਹਨਾਂ ਪਾਸੋਂ ਤਿੰਨ ਪਾਕਿਸਤਾਨੀ ਪਿਸਤੌਲ 7 ਕਿਲੋ ਅਫੀਮ 1 ਲੱਖ ਰੁਪ ਡਰੱਗ ਮਣੀ ਅਤੇ ਦੋ ਮੋਟਰਸਾਈਕਲ ਬਰਾਮਦ ਕੀਤੇ ਗਏ ਹਨ।

## ਸੋਨਾ-ਚਾਂਦੀ ਹੋਇਆ ਮਹਿੰਗਾ, ਜਾਣੋ ਆਪਣੇ ਸ਼ਹਿਰ ਦੇ ਨਵੇਂ ਰੇਟ

**ਚੰਡੀਗੜ੍ਹ।** ਅੱਜ 17 ਮਾਰਚ ਨੂੰ ਸੋਨੇ ਅਤੇ ਚਾਂਦੀ ਦੀਆਂ ਕੀਮਤਾਂ 'ਚ ਜ਼ਬਰਦਸਤ ਵਾਧਾ ਦਰਜ ਕੀਤਾ ਗਿਆ, ਜਿਸ ਕਾਰਨ ਦੋਵੇਂ ਧਾਤਾਂ ਹੁਣ ਤੱਕ ਦੇ ਸਭ ਤੋਂ ਉੱਚੇ ਪੱਧਰ 'ਤੇ ਪਹੁੰਚ ਗਈਆਂ। ਇੰਡੀਆ ਬੁਲੀਅਨ ਐਂਡ ਜਵੈਲਰਜ਼ ਐਸੋਸੀਏਸ਼ਨ (ਆਈਬੀਜੇਏ) ਅਨੁਸਾਰ, 24 ਕੈਰੇਟ ਸੋਨੇ ਦੀ ਕੀਮਤ 1,048 ਰੁਪਏ ਵਧ ਕੇ 87,891 ਰੁਪਏ ਪ੍ਰਤੀ 10 ਗ੍ਰਾਮ ਹੋ ਗਈ। ਇਸ ਤੋਂ ਪਹਿਲਾਂ 13 ਮਾਰਚ ਨੂੰ ਸੋਨਾ 86,843 ਰੁਪਏ ਦੇ ਉੱਚਤਮ ਪੱਧਰ 'ਤੇ ਸੀ।



ਅੱਜ ਚਾਂਦੀ ਦੀ ਕੀਮਤ 1,363 ਰੁਪਏ ਵਧ ਕੇ 99,685 ਰੁਪਏ ਪ੍ਰਤੀ ਕਿਲੋਗ੍ਰਾਮ ਹੋ ਗਈ। ਪਿਛਲੇ ਵੀਰਵਾਰ (13 ਮਾਰਚ) ਨੂੰ ਚਾਂਦੀ 98,322 ਰੁਪਏ ਪ੍ਰਤੀ ਕਿਲੋਗ੍ਰਾਮ ਸੀ। ਇਸ ਤੋਂ ਪਹਿਲਾਂ 23 ਅਕਤੂਬਰ 2024 ਨੂੰ ਚਾਂਦੀ 99,151 ਰੁਪਏ ਪ੍ਰਤੀ ਕਿਲੋਗ੍ਰਾਮ ਦੇ ਉੱਚ ਪੱਧਰ ਨੂੰ ਛੂਹ ਗਈ ਸੀ।

17 ਮਾਰਚ ਤੱਕ, ਚੇਨਈ ਵਿੱਚ 24 ਕੈਰੇਟ ਸੋਨੇ ਦੀ ਪ੍ਰਤੀ 10 ਗ੍ਰਾਮ ਦੀ ਕੀਮਤ 89,560 ਰੁਪਏ ਪ੍ਰਤੀ 10 ਗ੍ਰਾਮ ਹੈ, ਜਦੋਂ ਕਿ ਚੇਨਈ ਵਿੱਚ 22 ਕੈਰੇਟ ਸੋਨੇ ਦੀ ਕੀਮਤ 82,100 ਰੁਪਏ ਪ੍ਰਤੀ 10 ਗ੍ਰਾਮ ਹੈ। ਬੈਂਗਲੁਰੂ 'ਚ 24 ਕੈਰੇਟ ਸੋਨੇ ਦੀ ਕੀਮਤ ਹੁਣ 89,560 ਰੁਪਏ ਪ੍ਰਤੀ 10 ਗ੍ਰਾਮ ਹੈ, ਜਦਕਿ 22 ਕੈਰੇਟ ਸੋਨੇ ਦੀ ਕੀਮਤ ਹੁਣ 82,100 ਰੁਪਏ ਪ੍ਰਤੀ 10 ਗ੍ਰਾਮ ਹੈ। ਇਸੇ ਤਰ੍ਹਾਂ ਹੈਦਰਾਬਾਦ ਵਿੱਚ 22 ਕੈਰੇਟ ਸੋਨੇ ਦੀ ਕੀਮਤ 82,100 ਰੁਪਏ ਪ੍ਰਤੀ 10 ਗ੍ਰਾਮ ਹੈ। 24 ਕੈਰੇਟ ਸੋਨੇ ਦੀ ਕੀਮਤ 87,560 ਰੁਪਏ ਪ੍ਰਤੀ 10 ਗ੍ਰਾਮ ਹੈ।

## ਮੁੰਬਈ ਹਵਾਈ ਅੱਡੇ 'ਤੇ 8.47 ਕਰੋੜ ਰੁਪਏ ਦਾ ਸੋਨਾ ਜ਼ਬਤ, ਪੰਜ ਲੋਕ ਗ੍ਰਿਫ਼ਤਾਰ

**ਮੁੰਬਈ।** ਮੁੰਬਈ ਕਸਟਮ ਵਿਭਾਗ ਨੇ ਇੱਥੇ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਚਾਰ ਕਾਰਵਾਈਆਂ ਦੌਰਾਨ ਤਿੰਨ ਨਿੱਜੀ ਹਵਾਈ ਅੱਡੇ ਦੇ ਕਰਮਚਾਰੀਆਂ ਸਮੇਤ ਪੰਜ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਹੈ ਅਤੇ ਲਗਭਗ 8.47 ਕਰੋੜ ਰੁਪਏ ਦੀ ਕੀਮਤ ਦਾ 10 ਕਿਲੋਗ੍ਰਾਮ ਤੋਂ ਵੱਧ ਸੋਨਾ ਜ਼ਬਤ ਕੀਤਾ ਹੈ। ਅਧਿਕਾਰੀਆਂ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀਆਂ ਨੇ ਦੱਸਿਆ ਕਿ ਇਹ ਜ਼ਬਤੀਆਂ 13 ਤੋਂ 15 ਮਾਰਚ ਦੇ ਵਿਚਕਾਰ ਕੀਤੀਆਂ ਗਈਆਂ ਸਨ। ਕੁਝ ਮੁਲਜ਼ਮਾਂ ਨੇ ਇਹ ਸੋਨਾ ਆਪਣੇ ਕੱਪੜਿਆਂ ਅਤੇ ਅੰਡਰਵੀਅਰ ਵਿੱਚ ਲੁਕਾਇਆ ਹੋਇਆ ਸੀ। ਇਸ ਕਾਰਵਾਈ ਦੇ ਵੇਰਵੇ ਦਿੰਦੇ ਹੋਏ, ਇੱਕ ਕਸਟਮ ਅਧਿਕਾਰੀ ਨੇ ਕਿਹਾ ਕਿ ਇੱਕ ਨਿੱਜੀ ਕਰਮਚਾਰੀ ਨੂੰ ਛਤਰਪਤੀ ਸ਼ਿਵਾਜੀ ਮਹਾਰਾਜ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਰੋਕਿਆ ਗਿਆ ਅਤੇ ਉਸਦੀ ਪੈਂਟ ਦੀਆਂ ਜੇਬਾਂ ਵਿੱਚੋਂ ਛੇ ਅੰਡਾਕਾਰ ਆਕਾਰ ਦੇ ਕੈਪਸੂਲ ਮਿਲੇ। ਇਨ੍ਹਾਂ ਕੈਪਸੂਲਾਂ ਵਿੱਚ ਮੋਮ ਦੇ ਰੂਪ ਵਿੱਚ 2.8 ਕਿਲੋਗ੍ਰਾਮ 24-ਕੈਰੇਟ ਸੋਨੇ ਦਾ ਪਾਊਡਰ ਸੀ, ਅਤੇ ਇਸਦੀ ਕੀਮਤ 2.27 ਕਰੋੜ ਰੁਪਏ ਸੀ। ਅਧਿਕਾਰੀ ਨੇ ਦੱਸਿਆ ਕਿ ਬਰਾਮਦਗੀ ਤੋਂ ਬਾਅਦ, ਵਿਅਕਤੀ ਨੂੰ ਕਸਟਮ ਐਕਟ ਦੇ ਤਹਿਤ ਗ੍ਰਿਫਤਾਰ ਕਰ



ਲਿਆ ਗਿਆ। ਅਧਿਕਾਰੀਆਂ ਦੇ ਅਨੁਸਾਰ, ਦੂਜੀ ਜ਼ਬਤੀ ਉਦੋਂ ਹੋਈ ਜਦੋਂ ਅੰਤਰਰਾਸ਼ਟਰੀ ਰਵਾਨਗੀ ਖੇਤਰ ਵਿੱਚ ਕੰਮ ਕਰਨ ਵਾਲੇ ਇੱਕ ਹੋਰ ਨਿੱਜੀ ਕਰਮਚਾਰੀ ਨੂੰ ਰੋਕਿਆ ਗਿਆ। ਅਧਿਕਾਰੀ ਨੇ ਦੱਸਿਆ ਕਿ ਕਸਟਮ ਅਧਿਕਾਰੀਆਂ ਨੂੰ ਮੋਮ ਦੇ ਰੂਪ ਵਿੱਚ 2.9 ਕਿਲੋਗ੍ਰਾਮ ਸ਼ੁੱਧ ਸੋਨੇ ਦਾ ਪਾਊਡਰ ਮਿਲਿਆ, ਜਿਸਦੀ ਕੀਮਤ 2.36 ਕਰੋੜ ਰੁਪਏ ਹੈ। ਇਹ ਸੋਨਾ ਸੱਤ ਅੰਡਾਕਾਰ ਕੈਪਸੂਲਾਂ ਵਿੱਚ ਰੱਖਿਆ ਗਿਆ ਸੀ ਅਤੇ ਆਦਮੀ ਦੇ ਅੰਡਰਵੀਅਰ ਵਿੱਚ ਲੁਕਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਬਰਾਮਦਗੀ ਤੋਂ ਬਾਅਦ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ। ਇਸ ਤੋਂ ਬਾਅਦ, ਤੀਜੀ ਕਾਰਵਾਈ ਦੌਰਾਨ, ਹਵਾਈ ਅੱਡੇ 'ਤੇ ਇੱਕ ਹੋਰ ਨਿੱਜੀ ਕਰਮਚਾਰੀ ਨੂੰ ਫੜਿਆ ਗਿਆ ਅਤੇ ਉਸਦੇ ਅੰਡਰਵੀਅਰ ਵਿੱਚ ਮੋਮ ਦੇ ਰੂਪ ਵਿੱਚ ਛੁਪਾਏ ਗਏ 1.6 ਕਿਲੋਗ੍ਰਾਮ 24 ਕੈਰੇਟ ਸੋਨੇ ਦੇ ਪਾਊਡਰ ਵਾਲੇ ਦੋ ਪੈਕੇਟ ਬਰਾਮਦ ਕੀਤੇ ਗਏ, ਜਿਨ੍ਹਾਂ ਦੀ ਕੀਮਤ 1.31 ਕਰੋੜ ਰੁਪਏ ਸੀ। ਅਧਿਕਾਰੀ ਨੇ ਦੱਸਿਆ ਕਿ ਜਾਂਚ ਤੋਂ ਬਾਅਦ, ਕਰਮਚਾਰੀ ਅਤੇ ਦੋ ਹੋਰਾਂ ਨੂੰ ਗ੍ਰਿਫਤਾਰ ਕੀਤਾ ਗਿਆ। ਇੱਕ ਹੋਰ ਮਾਮਲੇ ਵਿੱਚ, ਇੱਕ ਅੰਤਰਰਾਸ਼ਟਰੀ ਉਡਾਣ ਦੇ ਟਾਇਲਟ ਅਤੇ ਪੈਂਟਰੀ ਵਿੱਚ ਕੂੜੇ ਦੇ ਥੈਲਿਆਂ ਦੀ ਤਲਾਸ਼ੀ ਲੈਂਦੇ ਹੋਏ, ਗਾਹਕ ਸੇਵਾ ਅਧਿਕਾਰੀਆਂ ਨੂੰ ਦੋ ਕਾਲੇ ਰੰਗ ਦੇ ਬੈਗ ਮਿਲੇ ਜਿਨ੍ਹਾਂ ਵਿੱਚ ਮੋਮ ਦੇ ਰੂਪ ਵਿੱਚ 3.1 ਕਿਲੋਗ੍ਰਾਮ ਸ਼ੁੱਧ ਸੋਨੇ ਦਾ ਪਾਊਡਰ ਸੀ, ਜਿਸਦੀ ਕੀਮਤ 2.53 ਕਰੋੜ ਰੁਪਏ ਸੀ, ਉਸਨੇ ਕਿਹਾ। ਅਧਿਕਾਰੀ ਨੇ ਕਿਹਾ ਕਿ ਮਾਮਲਿਆਂ ਦੀ ਜਾਂਚ ਕੀਤੀ ਜਾ ਰਹੀ ਹੈ।

Samaj Weekly
ਸਮਾਜ ਵੀਕਲੀ
Editor-in-chief
Devinder Chander
+44 7878 456 484
Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

## ਝਾਰਖੰਡ ਦੇ ਜਗਨਨਾਥਪੁਰ 'ਚ ਤੂੜੀ ਦੇ ਢੇਰ ਨੂੰ ਲੱਗੀ ਅੱਗ, ਚਾਰ ਬੱਚੇ ਜ਼ਿੰਦਾ ਸੜੇ



**ਝਾਰਖੰਡ।** ਝਾਰਖੰਡ ਦੇ ਪੱਛਮੀ ਸਿੰਘਭੂਮ ਜ਼ਿਲ੍ਹੇ ਵਿੱਚ ਸੋਮਵਾਰ ਨੂੰ ਇੱਕ ਘਰ ਦੇ ਨੇੜੇ ਤੂੜੀ ਦੇ ਢੇਰ ਨੂੰ ਅੱਗ ਲੱਗਣ ਕਾਰਨ ਚਾਰ ਬੱਚੇ ਸੜ ਕੇ ਮਾਰੇ ਗਏ। ਪੁਲਿਸ ਨੇ ਇਹ ਜਾਣਕਾਰੀ ਦਿੱਤੀ। ਪੁਲਿਸ ਅਨੁਸਾਰ ਇਹ ਘਟਨਾ ਸਵੇਰੇ 11 ਵਜੇ ਦੇ ਕਰੀਬ ਚਾਈਬਾਸਾ ਦੇ ਜਗਨਨਾਥਪੁਰ ਥਾਣਾ ਖੇਤਰ ਦੇ ਗਿਟੀਲਿਪੀ ਪਿੰਡ ਵਿੱਚ ਵਾਪਰੀ। ਪੁਲਿਸ ਸੁਪਰਡੈਂਟ ਆਸ਼ੂਤੋਸ਼ ਸ਼ੇਖਰ ਨੇ ਪੀਟੀਆਈ ਨੂੰ ਦੱਸਿਆ, "ਘਟਨਾ ਦੀ ਵਿਸਥਾਰਤ ਜਾਂਚ ਕਰਨ ਲਈ ਇੱਕ ਟੀਮ ਮੌਕੇ 'ਤੇ ਭੇਜੀ ਗਈ ਹੈ।" ਉਨ੍ਹਾਂ ਕਿਹਾ ਕਿ ਜਦੋਂ ਅੱਗ ਲੱਗੀ ਤਾਂ ਬੱਚੇ ਘਾਹ ਦੇ ਢੇਰ ਕੋਲ ਖੇਡ ਰਹੇ ਸਨ। ਬੱਚੇ ਅੱਗ ਵਿੱਚ ਫਸ ਗਏ। ਬੱਚਿਆਂ ਦੀ ਮੌਤ ਅੱਗ ਵਿੱਚ ਸੜਨ ਕਾਰਨ ਹੋਈ। ਪੁਲਿਸ ਸੁਪਰਡੈਂਟ ਦੇ ਅਨੁਸਾਰ, ਅੱਗ ਲੱਗਣ ਦੇ ਸਹੀ ਕਾਰਨਾਂ ਦੀ ਜਾਂਚ ਕੀਤੀ ਜਾ ਰਹੀ ਹੈ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : **Devinder Chander**

**Mob: 07878 456 484**

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

# ਫੌਜੀ ਅਧਿਕਾਰੀ ਅਤੇ ਪੁੱਤਰ ’ਤੇ ਹਮਲਾ: 3 ਇੰਸਪੈਕਟਰਾਂ ਸਮੇਤ 12 ਪੁਲੀਸ ਕਰਮੀ ਮੁਅੱਤਲ

**ਪਟਿਆਲਾ।** ਇਕ ਫੋਜੀ ਅਧਿਕਾਰੀ ਅਤੇ ਉਸਦੇ ਪੁੱਤਰ ਨਾਲ ਕੁੱਟਮਾਰ ਕਰਨ ਦੇ ਮਾਮਲੇ ਸਬੰਧੀ ਤਿੰਨ ਇੰਸਪੈਕਟਰਾਂ ਸਮੇਤ ਬਾਰਾਂ ਪੁਲੀਸ ਕਰਮੀਆਂ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ ਅਤੇ ਉਨ੍ਹਾਂ ਵਿਰੁੱਧ ਵਿਭਾਗੀ ਜਾਂਚ ਦੇ ਹੁਕਮ ਦਿੱਤੇ ਗਏ ਹਨ। ਪਟਿਆਲਾ ਦੇ ਐਸਐਸਪੀ ਨਾਨਕ ਸਿੰਘ ਨੇ ‘ਟ੍ਰਿਬਿਊਨ ਸਮੂਹ’ ਨੂੰ ਦੱਸਿਆ ਕਿ 12 ਪੁਲੀਸ ਮੁਲਾਜ਼ਮਾਂ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕਰ ਦਿੱਤਾ ਗਿਆ ਹੈ। ਉਨ੍ਹਾਂ ਕਿਹਾ, ‘‘ਅਸੀਂ ਮਾਮਲੇ ਦੀ ਵਿਸਥਾਰ ਨਾਲ ਜਾਂਚ ਕਰਾਂਗੇ ਅਤੇ ਇਨਸਾਫ਼ ਕੀਤਾ ਜਾਵੇਗਾ। ਅਸੀਂ ਕਿਸੇ ਨੂੰ ਨਹੀਂ ਬਖਸ਼ਾਂਗੇ।’’ ਸੂਤਰਾਂ ਨੇ ਦੱਸਿਆ ਕਿ ਮੁਅੱਤਲ ਕੀਤੇ ਗਏ ਅਧਿਕਾਰੀਆਂ ਵਿਚ ਹੈਰੀ ਬੋਪਾਰਾਏ, ਰੌਨੀ ਸਿੰਘ ਅਤੇ ਹਰਜਿੰਦਰ ਢਿੱਲੋਂ ਤੋਂ ਇਲਾਵਾ ਨੌਂ ਨਾਂ ਸ਼ਾਮਲ ਹਨ। ਪਟਿਆਲਾ ਪੁਲੀਸ ਵੱਲੋਂ ਸਰਕਾਰੀ ਰਾਜਿੰਦਰਾ ਹਸਪਤਾਲ ਨੇੜੇ ਹੋਏ ਝਗੜੇ ਲਈ ਅਣਪਛਾਤੇ ਵਿਅਕਤੀਆਂ ਵਿਰੁੱਧ ਐੱਫਆਈਆਰ ਦਰਜ ਕਰਨ ਤੋਂ ਦੋ ਦਿਨ ਬਾਅਦ ਇੱਕ ਫੌਜੀ ਅਧਿਕਾਰੀ ਅਤੇ ਉਸਦੀ ਪਤਨੀ ਨੇ ਪੁਲੀਸ ’ਤੇ ਬੇਰਹਿਮੀ ਦਾ ਦੋਸ਼ ਲਗਾਇਆ ਸੀ। ਨਵੀਂ ਦਿੱਲੀ ਦੇ ਫੌਜ ਹੈੱਡਕੁਆਰਟਰ ਵਿੱਚ ਤਾਇਨਾਤ ਕਰਨਲ ਪੁਸ਼ਪਿੰਦਰ ਬਾਠ ਨੇ ਦਾਅਵਾ ਕੀਤਾ ਕਿ 13 ਮਾਰਚ ਦੀ ਰਾਤ ਨੂੰ ਉਸ ’ਤੇ ਹਮਲਾ ਕੀਤਾ ਗਿਆ ਸੀ। ਉਹ ਇਸ ਸਮੇਂ ਆਪਣੇ ਪੁੱਤਰ






ਸਮੇਤ ਇਲਾਜ ਅਧੀਨ ਹੈ, ਜਿਸ ’ਤੇ ਕਥਿਤ ਤੌਰ ‘ਤੇ ਪਟਿਆਲਾ ਵਿੱਚ ਤਾਇਨਾਤ ਪੁਲਿਸ ਕਰਮੀਆਂ ਵੱਲੋਂ ਹਮਲਾ ਕੀਤਾ ਗਿਆ ਸੀ।

**ਪੁਲੀਸ ਨੇ ਅਣਪਛਾਤਿਆਂ ਵਿਰੁੱਧ ਦਰਜ ਕੀਤੀ ਐੱਫਆਈਆਰ**

ਇਸ ਮਾਮਲੇ ਸਬੰਧੀ ਪੁਲੀਸ ਨੇ ਅਣਪਛਾਤੇ ਵਿਅਕਤੀਆਂ ਵਿਰੁੱਧ ਐਫਆਈਆਰ ਦਰਜ ਕੀਤੀ ਹੈ, ਪਰ ਫੌਜੀ ਅਧਿਕਾਰੀ ਦੇ ਪਰਿਵਾਰਕ ਮੈਂਬਰਾਂ ਨੇ ਪੰਜਾਬ ਪੁਲੀਸ ਅਧਿਕਾਰੀਆਂ ’ਤੇ ਪਿਤਾ ਅਤੇ ਪੁੱਤਰ ’ਤੇ ਹਮਲਾ ਕਰਨ ਦਾ ਦੋਸ਼ ਲਗਾਇਆ ਹੈ। ਜਾਣਕਾਰੀ ਅਨੁਸਾਰ ਝਗੜਾ ਹੋਣ ਮੌਕੇ ਪੁਲੀਸ ਕਰਮੀ ਸਿਵਲ ਵਰਦੀ ਵਿੱਚ ਸਨ ਅਤੇ ਇਕ 7 ਸਾਲਾਂ ਬੱਚੇ ਨੂੰ ਬਚਾਉਨ ਲਈ ਹੋਏ ਅਗਵਾਕਾਰਾਂ ਨਾਲ ਮੁਕਾਬਲੇ ਤੋਂ ਬਾਅਦ ਹਸਪਤਾਲ ਜਾ ਰਹੇ ਸਨ । ਉਧਰ ਇਕ ਪੁਲੀਸ ਅਧਿਕਾਰੀ ਨੇ ਦਾਅਵਾ ਕੀਤਾ ਹੈ ਕਿ ਕਰਨਲ ਅਤੇ ਉਸ ਦੇ ਪੁੱਤਰ ਨੇ ਉਨ੍ਹਾਂ ਤੇ ਹਮਲਾ ਕੀਤਾ, ਉਹ ਨਸ਼ੇ ਵਿਚ ਸਨ। ਪੁਲੀਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਇੱਕ ਢਾਬਾ ਮਾਲਕ ਦੇ ਬਿਆਨ ’ਤੇ ਐਫਆਈਆਰ ਦਰਜ ਕਰ ਲਈ ਹੈ ਅਤੇ ਜਾਂਚ ਜਾਰੀ ਹੈ।

**ਪਰਿਵਾਰ ਨੇ ਪ੍ਰੈਸ ਕਾਨਫਰੰਸ ਕਰ ਹੱਡਬੀਤੀ ਸੁਣਾਈ**

ਪਟਿਆਲਾ ਵਿੱਚ ਇੱਕ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦੇ ਹੋਏ ਕਰਨਲ ਪੁਸ਼ਪਿੰਦਰ ਬਾਠ ਦੀ ਪਤਨੀ ਜਸਵਿੰਦਰ ਬਾਠ ਨੇ ਦਾਅਵਾ ਕੀਤਾ ਕਿ ਉਸਦਾ ਪਤੀ ਅਤੇ ਪੁੱਤਰ ਨਾਲ ਸਰਕਾਰੀ ਰਾਜਿੰਦਰਾ ਹਸਪਤਾਲ ਦੇ ਨੇੜੇ ਇੱਕ ਢਾਬੇ ’ਤੇ ਪਹੁੰਚੇ ਸਨ। ਉਨ੍ਹਾਂ ਦਾਅਵਾ ਕੀਤਾ ਕਿ ਜਦੋਂ ਉਹ ਕਾਰ ਤੋਂ ਬਾਹਰ ਖੜ੍ਹੇ ਹੋ ਕੇ ਖਾਣਾ ਖਾ ਰਹੇ ਸਨ, ਤਾਂ ਪੁਲੀਸ ਅਧਿਕਾਰੀ ਮੌਕੇ ’ਤੇ ਪਹੁੰਚੇ ਅਤੇ ਕਰਨਲ ਨੂੰ ਕਾਰ ਹਟਾਉਣ ਲਈ ਕਿਹਾ। ਉਨ੍ਹਾਂ ਦੱਸਿਆ, ‘‘ਜਦੋਂ ਮੇਰੇ ਪਤੀ ਨੇ ਉਨ੍ਹਾਂ ਦੀ ਭਾਸ਼ਾ ’ਤੇ ਇਤਰਾਜ਼ ਕੀਤਾ, ਤਾਂ ਪੁਲੀਸ ਕਰਮੀਆਂ ਵਿੱਚੋਂ ਇੱਕ ਨੇ ਮੁੱਕਾ ਮਾਰਿਆ ਅਤੇ ਬਾਅਦ ਵਿੱਚ ਸਾਰੇ ਪੁਲੀਸ ਕਰਮਚਾਰੀਆਂ ਨੇ ਮੇਰੇ ਪਤੀ ਅਤੇ ਮੇਰੇ ਪੁੱਤਰ ਨੂੰ ਦੀ ਕੁੱਟਮਾਰ ਕੀਤੀ।’’ ਉਨ੍ਹਾਂ ਦੋਸ਼ ਲਾਇਆ ਕਿ ਸੀਸੀਟੀਵੀ ਫੁਟੇਜ ਅਤੇ ਉਨ੍ਹਾਂ ਪਛਾਣੇ ਜਾਣ ਦੇ ਬਾਵਜੂਦ ਪੁਲੀਸ ਕਰਮੀਆਂ ਪ੍ਰਤੀ ਪੁਲੀਸ ਪੱਖਪਾਤੀ ਭੂਮਿਕਾ ਨਿਭਾ ਰਹੀ ਹੈ।

## ਹਰਿਆਣਾ ’ਚ ਔਰਤਾਂ ਨੂੰ 2100 ਰੁਪਏ ਮਹੀਨਾ ਦੇਣ ਦਾ ਐਲਾਨ



**ਚੰਡੀਗੜ੍ਹ।** ਹਰਿਆਣਾ ਵਿਧਾਨ ਸਭਾ ਦੇ ਬਜਟ ਸੈਸ਼ਨ ਦੌਰਾਨ ਮੁੱਖ ਮੰਤਰੀ ਨਾਇਬ ਸਿੰਘ ਸੈਣੀ ਨੇ ਬਤੌਰ ਵਿੱਤ ਮੰਤਰੀ ਆਪਣਾ ਪਹਿਲਾ ਵਿੱਤ ਸਾਲ 2025-26 ਦਾ ਬਜਟ ਪੇਸ਼ ਕਰਦਿਆਂ ਔਰਤਾਂ ਨੂੰ 2100 ਰੁਪਏ ਪ੍ਰਤੀ ਮਹੀਨਾ ਦੇਣ ਦਾ ਐਲਾਨ ਕੀਤਾ ਹੈ। ਭਾਜਪਾ ਨੇ ਵਿਧਾਨ ਸਭਾ ਚੋਣਾਂ ਦੌਰਾਨ ਔਰਤਾਂ ਨੂੰ 2100 ਰੁਪਏ ਪ੍ਰਤੀ ਮਹੀਨਾ ਦੇਣ ਦਾ ਵਾਅਦੇ ਨੂੰ ਭਾਜਪਾ ਸਰਕਾਰ ਨੇ ਆਪਣੇ ਪਹਿਲੇ ਹੀ ਸਾਲ ਵਿੱਚ ਪੂਰਾ ਕਰ ਦਿੱਤਾ ਹੈ। ਸ੍ਰੀ ਸੈਣੀ ਨੇ ਕਿਹਾ ਕਿ ਇਸ ਲਈ ਯੋਜਨਾ ਤਿਆਰ ਕੀਤੀ ਜਾ ਰਹੀ ਹੈ, ਪਰ ਸੂਬਾ ਸਰਕਾਰ ਨੇ ਔਰਤਾਂ ਨੂੰ 2100 ਰੁਪਏ ਦੇਣ ਲਈ ਵਿੱਤ ਵਰ੍ਹੇ 2025-26 ਦੇ ਬਜਟ ਵਿੱਚ 5000 ਕਰੋੜ ਰੁਪਏ ਰੱਖ ਦਿੱਤੇ ਹਨ। ਇਸ ਤੋਂ ਇਲਾਵਾ ਸੂਬੇ ਵਿੱਚ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਬਚਾਉਣ ਲਈ ਸੰਕਲਪ ਅਥਾਰਟੀ ਦਾ ਗਠਨ ਕੀਤਾ ਜਾਵੇਗਾ। ਹਰਿਆਣਾ ਵਿਧਾਨ ਸਭਾ ਵਿੱਚ ਅੱਜ ਮੁੱਖ ਮੰਤਰੀ ਤੇ ਵਿੱਤ ਮੰਤਰੀ ਨਾਇਬ ਸਿੰਘ ਸੈਣੀ ਵੱਲੋਂ ਪੇਸ਼ ਕੀਤੇ ਗਏ ਆਪਣੇ ਪਹਿਲੇ ਬਜਟ ਵਿੱਚ ਸਿੱਖਿਆ, ਸਿਹਤ, ਕਿਸਾਨੀ, ਔਰਤਾਂ ਤੇ ਨੌਜਵਾਨਾਂ ਨੂੰ ਖੁਸ਼ ਕਰਨ ਦੀ ਕੋਸ਼ਿਸ਼ ਕੀਤੀ ਗਈ ਹੈ। ਸ੍ਰੀ ਸੈਣੀ ਨੇ ਅੱਜ ਹਰਿਆਣਾ ਵਿਧਾਨ ਸਭਾ ਵਿੱਚ ਵਿੱਤ ਵਰ੍ਹੇ 2025-26 ਲਈ 2,05,017 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ, ਜੋ ਕਿ ਪਿਛਲੇ ਸਾਲ ਨਾਲੋਂ 13.7 ਫ਼ੀਸਦ ਵੱਧ ਹੈ। ਪਿਛਲੀ ਵਾਰ ਹਰਿਆਣਾ ਸਰਕਾਰ ਵੱਲੋਂ 1,80,313 ਕਰੋੜ ਰੁਪਏ ਦਾ ਬਜਟ ਪੇਸ਼ ਕੀਤਾ ਗਿਆ ਸੀ।

SHAM LAL CHANDER
ID no. 921760
BUILDING MAINTENANCE HANDYMAN (CHECKATRADE)



Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਸਿਰ ਦੇ ਵਾ.ਲ ਲਿਆਉਣ ਦੇ ਚੱਕਰਾਂ ਵਿੱਚ ਅੱਖਾਂ ਦੀ ਨਜ਼ਰ 'ਤੇ ਵੀ ਅਸਰ

**ਬਲਬੀਰ ਸਿੰਘ ਬੱਬੀ**





ਸਾਡੇ ਭਾਰਤ ਮਹਾਨ ਦੇ ਵਿੱਚ ਅਨੇਕਾਂ ਤਰ੍ਹਾਂ ਦੀਆਂ ਨਵੀਆਂ ਤੋਂ ਨਵੀਆਂ ਗੱਲਾਂ ਬਾਤਾਂ ਕਈ ਘਟਨਾਵਾਂ ਸਾਹਮਣੇ ਆਉਂਦੀਆਂ ਹਨ ਜਿਨਾਂ ਨੂੰ ਸੁਣ ਤੇ ਦੇਖ ਕੇ ਦੰਗ ਰਹਿ ਜਾਈਦਾ ਹੈ ਅਜਿਹਾ ਹੀ ਮਾਮਾਲਾ ਸੰਗਰੂਰ ਸ਼ਹਿਰ ਦੇ ਕਾਲੀ ਮਾਤਾ ਮੰਦਿਰ ਵਿੱਚ ਲੱਗੇ ਕੈਂਪ ਵਿੱਚ ਦੇਖਣ ਨੂੰ ਮਿਲਿਆ। ਸਿਰ ਦਾ ਗੰਜਾਪਨ ਦੂਰ ਕਰਨ ਦੇ ਚੱਕਰ ਵਿੱਚ ਤੇਲ ਦੀ ਮਾਲਸ਼ ਕਰਵਾਉਣ ਵਾਲੇ ਵਿਅਕਤੀਆਂ ਦੀਆਂ ਅੱਖਾਂ ਵਿੱਚ ਇਨਫੈਕਸ਼ਨ ਹੋਣ ਦੇ ਮਾਮਲੇ ਸਾਹਮਣੇ ਆਏ ਸਨ। ਐਤਵਾਰ ਨੂੰ ਗੰਜਾਪਨ ਦੂਰ ਕਰਨ ਵਾਲਿਆਂ ਦੇ ਸਿਰ ਉੱਤੇ ਤੇਲ ਦੀ ਮਾਲਿਸ਼ ਕਰਨ ਸਮੇਂ ਤੁਰੰਤ ਹੀ ਕਈ ਵਿਅਕਤੀਆਂ ਨੂੰ ਅੱਖਾਂ ਵਿੱਚ ਜਲਣ ਤੇਜ ਦਰਦ ਪਾਣੀ ਨਿਕਲਣ ਖੁਜਲੀ ਤੇ ਝੌਲਾਪਣ ਦੇਖਣ ਦੀ ਸਮੱਸਿਆ ਸਾਹਮਣੇ ਆਈ। ਉੱਥੋਂ ਦੇ ਸਿਵਲ ਹਸਪਤਾਲ ਦੇ ਵਾਰਡ ਵਿੱਚ ਅੱਖਾਂ ਦੀ ਸਮੱਸਿਆ ਨਾਲ ਪਰੇਸ਼ਾਨ ਮਰੀਜ਼ਾਂ ਦੀ ਗਿਣਤੀ ਕੱਲ ਨਾਲੋਂ ਅੱਜ ਹੋਰ ਵੱਧ ਗਈ ਹੈ। ਇਸ ਹਸਪਤਾਲ ਵਿੱਚ ਅੱਖਾਂ ਦੇ ਰੋਗਾਂ ਦੇ ਮਾਹਿਰ ਡਾਕਟਰ ਤੈਨਾਤ ਕੀਤੇ ਗਏ ਤਾਂ ਜੋ ਮਰੀਜ਼ਾਂ ਨੂੰ ਤੁਰੰਤ ਹੀ ਸੰਭਾਲਿਆ ਜਾ ਸਕੇ। ਸਿਵਲ ਸਰਜਨ ਡਾਕਟਰ ਸੰਜੇ ਦਾ ਕਹਿਣਾ ਹੈ ਕਿ ਇਹ ਮਾਮਲਾ ਪਹਿਲੀ ਵਾਰ ਸਾਹਮਣੇ ਆਇਆ ਹੈ ਸ਼ਹਿਰ ਵਿੱਚ ਗੰਜਾਪਨ ਨੂੰ ਦੂਰ ਕਰਨ ਲਈ ਦਵਾਈ ਲਗਾਉਣ ਦਾ ਝਾਂਸਾ ਦੇ ਕੇ ਕਿਸੇ ਨੇ ਕੈਂਪ ਲਗਾਇਆ ਅਤੇ ਇਸ ਦਵਾਈ ਨਾਲ ਲੋਕਾਂ ਦੀਆਂ ਅੱਖਾਂ ਵਿੱਚ ਹੋਰ ਕੁਝ ਹੀ ਮਹਿਸੂਸ ਹੋਣਾ ਸ਼ੁਰੂ ਹੋ ਗਿਆ ਇਹ ਜੋ ਕੈਂਪ ਲਗਾਇਆ ਸੀ ਸਿਹਤ ਵਿਭਾਗ ਤੋਂ ਇਸ ਦੀ ਕੋਈ ਇਜਾਜ਼ਤ ਨਹੀਂ ਲਈ ਗਈ ਹਾਲਾਂਕਿ ਅੱਖਾਂ ਦੀ ਜਾਂਚ ਲੈਂਜ਼ ਪਾਉਣ ਖੂਨਦਾਨ ਦੇ ਕੈਂਪ ਲੱਗਦੇ ਹਨ ਉਹਨਾਂ ਦੀ ਸਿਹਤ ਵਿਭਾਗ ਤੋਂ ਇਜਾਜ਼ਤ ਲੈਣੀ ਹੁੰਦੀ ਹੈ। ਸਿਹਤ ਵਿਭਾਗ ਨੂੰ ਪਹਿਲਾਂ ਇਸ ਕੈਂਪ ਬਾਰੇ ਕੋਈ ਜਾਣਕਾਰੀ ਨਹੀਂ ਸੀ ਜਦੋਂ ਮਰੀਜ਼ ਧੜਾ ਧੜ ਆਉਣੇ ਸ਼ੁਰੂ ਹੋਏ ਤਾਂ ਪਤਾ ਲੱਗਾ। ਇਸ ਵੇਲੇ ਮਰੀਜ਼ਾਂ ਦੀ ਗਿਣਤੀ 65 ਦੇ ਲਗਭਗ ਹੋ ਚੁੱਕੀ ਹੈ। ਦੂਜੇ ਪਾਸੇ ਸਿਵਲ ਹਸਪਤਾਲ ਵਿੱਚ ਪਹੁੰਚੇ ਡੀਐਸਪੀ ਸੰਜੀਵ ਸਿੰਗਲਾ ਦਾ ਕਹਿਣਾ ਸੀ ਕਿ ਪੀੜਤਾਂ ਦੇ ਬਿਆਨ ਦਰਜ ਕੀਤੇ ਜਾਣ ਤੋਂ ਬਾਅਦ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।

# 22ਵੇਂ ਹੋਮਿਓਪੈਥਿਕ ਕੈਂਪ ਦਾ ਲੋਕਾਂ ਨੇ ਲਿਆ ਲਾਹਾ



ਮਰੀਜ਼ਾਂ ਦਾ ਚੈਕਅੱਪ ਕਰਨ ਸਮੇਂ ਡਾ ਰਚਨਾ, ਨਾਲ ਹਨ ਸੁਸਾ।

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮਾਨਵ ਏਕਤਾ ਨੌਜਵਾਨ ਵੈਲਫੇਅਰ ਸੁਸਾਇਟੀ ਵੱਲੋਂ ਸਾਬਕਾ ਕੌਂਸਲਰ ਸਰਬਜੀਤ ਸਿੰਘ ਕਾਕਾ ਦੀ ਅਗਵਾਈ ਵਿੱਚ ਸ਼ਹੀਦ-ਏ-ਆਜਮ ਸ਼ਹੀਦ ਭਗਤ ਸਿੰਘ ਦੇ ਸ਼ਹੀਦੀ ਦਿਵਸ ਨੂੰ ਸਮਰਪਿਤ ਫ੍ਰੀ ਹੋਮਿਓਪੈਥਿਕ ਚੈੱਕਅਪ ਕੈਂਪ ਗਰਲਜ਼ ਪਬਲਿਕ ਸਕੂਲ, ਮੁਰ-ਾਦਪੁਰਾ, ਗਿੱਲ ਰੋਡ, ਵਾਰਡ ਨੰ 74 ਵਿਖੇ ਲਾਇਆ ਗਿਆ ਹੈ। ਇਸ ਮੌਕੇ ਉਚੇਚੇ ਤੌਰ 'ਤੇ ਡਾ: ਰਚਨਾ ਅਨੇਜਾ ਨੇ ਕਿਹਾ ਕਿ ਸਾਬਕਾ ਕੌਂਸਲਰ ਸਰਬਜੀਤ ਸਿੰਘ ਕਾਕਾ ਦੇ ਵੱਡੇ ਉਪਰਾਲੇ ਅਤੇ ਸਹਿਯੋਗ ਸਦਕਾ ਇਸ ਸਥਾਨ ਤੇ 22 ਫ੍ਰੀ ਹੋਮਿਓਪੈਥਿਕ ਚੈੱਕਅਪ ਕੈਂਪ ਲਗਾਏ ਜਾ ਚੁੱਕੇ ਹਨ ਜਿਨ੍ਹਾਂ ਵਿੱਚ ਸੈਂਕੜੇ ਮਰੀਜ਼ ਸਫਲਤਾ ਨਾਲ ਇਲਾਜ ਕਰਵਾ ਚੁੱਕੇ ਹਨ। ਉਨ੍ਹਾ ਕਿਹਾ ਕਿ ਸਰਬਜੀਤ ਸਿੰਘ ਕਾਕਾ ਅਤੇ ਉਨ੍ਹਾਂ ਦੀ ਟੀਮ ਵੱਲੋਂ ਮਨੁੱਖਤਾ ਦੇ ਭਲੇ ਲਈ ਕੀਤੇ ਜਾ ਰਹੇ ਕਾਰਜ ਸਲਾਘਾਯੋਗ ਹਨ । ਇਸ ਮੌਕੇ ਸਰਬਜੀਤ ਸਿੰਘ ਕਾਕਾ ਨੇ ਕਿਹਾ ਕਿ ਸਮਾਜ ਸੇਵਾ ਦੇ ਕਾਰਜ ਸਮੁੱਚੀ ਟੀਮ ਦੇ ਸਹਿਯੋਗ ਨਾਲ ਹੀ ਸੰਪੂਰਨ ਹੁੰਦੇ ਹਨ। ਉਨ੍ਹਾਂ ਦੱਸਿਆ ਕਿ ਇਸ ਕੈਂਪ 'ਚ ਜਮਾਦਰੂ ਬੋਲੇ ਅਤੇ ਗੂੰਗੇ, ਕਿਸੇ ਅੰਗ ਦਾ ਵਿਕਾਸ ਨਾ ਹੋਣਾ ਜਾਂ ਰੁੱਕ ਜਾਣਾ ਜਾਂ ਬੁੱਧੀ ਤੇ ਘੱਟ ਵਿਕਸਿਤ ਹੋਣ ਵਾਲੇ ਬੱਚਿਆਂ ਦਾ ਇਲਾਜ ਉਚੇਚੇ ਤੌਰ 'ਤੇ ਕੀਤਾ ਜਾਦਾ ਹੈ । ਉਨ੍ਹਾਂ ਕਿਹਾ ਕਿ ਹਰ ਇੱਕ ਲੋੜਵੰਦ ਨੂੰ ਇੱਕ ਮਹੀਨੇ ਦੀ ਦਵਾਈ ਬਿਲਕੁਲ ਫ੍ਰੀ ਦਿੱਤੀ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਡਾ: ਰਚਨਾ ਅਤੇ ਨਿਤਿਸ਼ ਅਨੇਜਾ ਆਪਣੀ ਪੂਰੀ ਟੀਮ ਨਾਲ ਚੈੱਕਅਪ ਕਰਕੇ ਨਾਲ-ਨਾਲ ਅੱਧੇ ਰੇਟਾਂ 'ਤੇ ਟੈਸਟ ਵੀ ਕਰਦੇ ਹਨ । ਉਨ੍ਹਾਂ ਦੱਸਿਆ ਕਿ ਅਗਲਾ 23ਵਾਂ ਕੈਂਪ 4 ਮਈ ਦਿਨ ਐਤਵਾਰ ਨੂੰ ਇਸੇ ਸਥਾਨ 'ਤੇ ਲਗਾਇਆ ਜਾਵੇਗਾ। ਇਸ ਮੌਕੇ ਰਾਜ ਕੁਮਾਰ ਰਾਜੂ, ਅਜੈਬ ਸਿੰਘ ਭੁੱਟਾ, ਬਲਰਾਮ ਕ੍ਰਿਸ਼ਨ ਗਰਗ, ਸੁਖਵਿੰਦਰ ਸੁਖੀ, ਸੁਮਿਤ ਬਿੰਦਰਾ, ਗੁਰਮੀਤ ਸਿੰਘ ਕਾਲਾ, ਰਾਜਨ ਕੋਹਲੀ, ਜਸਵਿੰਦਰ ਸਿੰਘ ਲਵਲੀ, ਗੋਗੀ ਰਾਜਪੂਤ, ਰਛਪਾਲ ਸਿੰਘ ਪਾਲੀ, ਮਨੋਹਰ ਸਿੰਘ ਮੱਕੜ, ਤਰਨਜੀਤ ਸਿੰਘ ਸਨੀ, ਕਰਨ-ਜੋਤ ਸਿੰਘ ਆਦਿ ਹਾਜ਼ਰ ਸਨ।

# ਵੈਟਨਰੀ ਯੂਨੀਵਰਸਿਟੀ 21 ਅਤੇ 22 ਮਾਰਚ ਨੂੰ ਕਰਵਾਏਗੀ 'ਪਸ਼ੂ ਪਾਲਣ ਮੇਲਾ'



**ਲੁਧਿਆਣਾ ( ਕਰਨੈਲ ਸਿੰਘ ਐੱਮ.ਏ.)** ਗੁਰੂ ਅੰਗਦ ਦੇਵ ਵੈਟਨਰੀ ਅਤੇ ਐਨੀਮਲ ਸਾਇੰਸਜ਼ ਯੂਨੀਵਰਸਿਟੀ, ਲੁਧਿਆਣਾ 21 ਅਤੇ 22 ਮਾਰਚ 2025 ਨੂੰ ਦੋ ਦਿਨਾ 'ਪਸ਼ੂ ਪਾਲਣ ਮੇਲਾ' ਕਰਵਾਏਗੀ । ਡਾ: ਜਤਿੰਦਰ ਪਾਲ ਸਿੰਘ ਗਿੱਲ, ਉਪ-ਕੁਲਪਤੀ, ਵੈਟਨਰੀ ਯੂਨੀਵਰਸਿਟੀ ਨੇ ਕਿਹਾ ਕਿ ਮੇਲੇ ਲਈ ਅਸੀਂ ਹੋਰਨਾਂ ਸੂਬਿਆਂ ਦੇ ਕਿਸਾਨਾਂ ਨੂੰ ਵੀ ਸੱਦਾ ਦਿੰਦੇ ਹਾਂ। ਜਿੱਥੇ ਮੇਲੇ ਵਿੱਚ ਪਸ਼ੂ ਪਾਲਣ ਅਤੇ ਕਿਸਾਨੀ ਨਾਲ ਸੰਬੰਧਿਤ ਵੱਖੋ-ਵੱਖਰੇ ਵਿਭਾਗ ਹਿੱਸਾ ਲੈਣਗੇ ਉੱਥੇ ਵੱਡੀ ਪੱਧਰ 'ਤੇ ਕੰਪਨੀਆਂ ਆਪਣੀਆਂ ਦਵਾਈਆਂ, ਉਪਕਰਣ, ਮਸ਼ੀਨਰੀ ਅਤੇ ਪਸ਼ੂਆਂ ਨਾਲ ਸੰਬੰਧਿਤ ਸਹੂਲਤਾਂ ਬਾਰੇ ਸਟਾਲ ਲਗਾਉਣਗੇ। ਯੂਨੀਵਰਸਿਟੀ ਦੀ ਅਗਵਾਈ ਅਧੀਨ ਕੰਮ ਕਰ ਰਹੀਆਂ ਕਿਸਾਨ ਜਥੇਬੰਦੀਆਂ ਵੀ ਆਪਣੇ ਸਟਾਲ ਲਗਾਉਣਗੀਆਂ। ਉਨ੍ਹਾਂ ਕਿਹਾ ਕਿ ਇਸ ਵਾਰ ਦਾ ਮੇਲਾ ਅਸੀਂ ਨਸਲ ਸੁਧਾਰ ਰਾਹੀਂ ਵਧੇਰੇ ਉਤਪਾਦਨ ਦੇ ਟੀਚੇ ਨੂੰ ਸਮਰਪਿਤ ਕੀਤਾ ਹੈ ਅਤੇ ਨਾਅਰਾ ਰੱਖਿਆ ਹੈ 'ਨਸਲ ਸੁਧਾਰ ਹੈ, ਪਸ਼ੂ ਪਾਲਣ ਕਿੱਤੇ ਦੀ ਜਾਨ, ਵਧੇਰੇ ਉਤਪ-ਾਦਨ ਬਣਾਏ ਕਿਸਾਨ ਦੀ ਸ਼ਾਨ'। ਉਨ੍ਹਾਂ ਜਾਣਕਾਰੀ ਦਿੱਤੀ ਕਿ ਵਿਗਿਆਨਕ ਖੇਤੀ ਨੂੰ ਅਪਨਾਉਣ ਅਤੇ ਉਤਸਾਹਿਤ ਕਰਨ ਵਾਲੇ ਚਾਰ ਕਿਸਾਨਾਂ ਨੂੰ ਮੱਝਾਂ, ਮੱਛੀਆਂ, ਸੂਰ ਅਤੇ ਬੱਕਰੀ ਪਾਲਣ ਦੇ ਖੇਤਰ ਵਿਚ 'ਮੁੱਖ ਮੰਤਰੀ ਪੁਰਸਕਾਰ'ਨਾਲ ਵੀ ਨਿਵਾਜਿਆ ਜਾਏਗਾ। ਡਾ: ਰਵਿੰਦਰ ਸਿੰਘ ਗਰੇਵਾਲ, ਨਿਰਦੇਸ਼ਕ ਪਸਾਰ ਸਿੱਖਿਆ ਨੇ ਜਾਣਕਾਰੀ ਦਿੱਤੀ ਕਿ ਮੇਲੇ ਵਿੱਚ ਯੂਨੀਵਰਸਿਟੀ ਵੱਲੋਂ ਵੈਟਨਰੀ ਅਤੇ ਪਸ਼ੂ ਵਿਗਿਆਨ, ਡੇਅਰੀ, ਪੋਲਟਰੀ, ਫ਼ਿਸ਼ਰੀਜ਼ ਸੰਬੰਧੀ ਤਕਨੀਕਾਂ ਦਾ ਪ੍ਰਦਰਸ਼ਨ ਹੋਵੇਗਾ ਅਤੇ ਕਿਸਾਨ-ਵਿਗਿਆਨੀ ਤਕਨੀਕੀ ਲੈਕਚਰਾਂ ਦੇ ਮੰਚ 'ਤੇ ਇਕੱਠੇ ਹੋਣਗੇ। ਸਵਾਲਾਂ ਜਵਾਬਾਂ ਦਾ ਸੈਸ਼ਨ ਵੀ ਆਯੋਜਿਤ ਕੀਤਾ ਜਾਵੇਗਾ। ਯੂਨੀਵਰਸਿਟੀ ਦੇ ਉਤਮ ਨਸਲ ਦੇ ਪਸ਼ੂ, ਮੱਝਾਂ, ਬੱਕਰੀਆਂ ਅਤੇ ਮੁਰਗੀਆਂ ਦੀ ਪ੍ਰਦਰਸ਼ਨੀ ਲਗਾਈ ਜਾਵੇਗੀ। ਯੂਨੀਵਰਸਿਟੀ ਵੱਲੋਂ ਪ੍ਰਕਾਸ਼ਿਤ ਸੰਪੂਰਨ ਸਾਹਿਤ ਅਤੇ ਰਸਾਲਾ 'ਵਿਗਿਆਨਕ ਪਸ਼ੂ ਪਾਲਣ' ਵੀ ਉਪਲਬਧ ਹੋਵੇਗਾ। ਪਸ਼ੂਆਂ ਦੀ ਨਸਲ ਨੂੰ ਬਿਹਤਰ ਕਰਨ ਲਈ ਪ੍ਰੇਰਿਤ ਕਰਨ ਦੇ ਨਾਲ-ਨਾਲ ਦੁੱਧ ਅਤੇ ਦੁੱਧ ਉਤਪਾਦਾਂ ਦੀਆਂ ਵਸਤਾਂ ਸੰਬੰਧੀ ਮਸ਼ੀਨਰੀ, ਦਵਾਈਆਂ, ਟੀਕਿਆਂ, ਪਸ਼ੂ ਫੀਡ ਨਾਲ ਸੰਬੰਧਿਤ ਕੰਪਨੀਆਂ ਅਤੇ ਵਿਤੀ ਸੰਸਥਾਵਾਂ ਦੇ ਨੁਮਾਇੰਦੇ ਵੀ ਮੇਲੇ ਵਿਚ ਮੌਜੂਦ ਹੋਣਗੇ। ਮੇਲੇ ਵਿੱਚ ਯੂਨੀਵਰਸਿਟੀ ਵੱਲੋਂ ਤਿਆਰ ਕੀਤੇ ਜਾਂਦੇ ਧਾਤਾਂ ਦੇ ਚੂਰੇ, ਪਸ਼ੂ ਚਾਟ, ਬਾਈਪਾਸ ਫੈਟ, ਪਰਾਲੀ ਨੂੰ ਯੂਰੀਏ ਨਾਲ ਸੋਧਣ ਸੰਬੰਧੀ ਦੱਸਿਆ ਜਾਏਗਾ। ਕਿਸਾਨਾਂ ਨੂੰ ਲੇਵੇ ਦੀ ਸੋਜ, ਦੁੱਧ ਦੀ ਜਾਂਚ, ਪਸ਼ੂ ਜ਼ਹਿਰਬਾਦ, ਅੰਦਰੂਨੀ ਪਰਜੀਵੀਆਂ ਬਾਰੇ ਜਾਗਰੂਕ ਕੀਤਾ ਜਾਏਗਾ। ਪਸ਼ੂ ਦੇ ਖੂਨ, ਗੋਹੇ, ਪਿਸ਼ਾਬ, ਚਮੜੀ, ਫੀਡ ਦੇ ਨਮੂਨੇ, ਦੁੱਧ ਅਤੇ ਚਾਰਿਆਂ ਦੇ ਜ਼ਹਿਰਬਾਦ ਸੰਬੰਧੀ ਮੇਲੇ ਦੌਰਾਨ ਜਾਂਚ ਦੀ ਮੁਫ਼ਤ ਸਹੂਲਤ ਦਿੱਤੀ ਜਾਵੇਗੀ। ਪਸ਼ੂ ਪਾਲਣ ਕਿੱਤਿਆਂ ਵਿੱਚ ਮਸਨੂਈ ਗਿਆਨ ਦੀ ਉਭਰ ਰਹੀ ਮਹੱਤਤਾ ਬਾਰੇ ਵੀ ਮਾਹਿਰ ਜਾਣਕਾਰੀ ਦੇਣਗੇ। ਇਸ ਖੇਤਰ ਵਿੱਚ ਆ ਰਹੇ ਸਮਾਰਟ ਕਾਲਰ, ਪੈਡੋਮੀਟਰ, ਚਿਹਰੇ ਦੀ ਪਛਾਣ ਪ੍ਰਣਾਲੀ, ਪਸ਼ੂ ਦੀ ਚਾਲ ਨਿਰੀਖਣ ਢਾਂਚਾ, ਆਟੋਮੈਟਿਕ ਫੀਡ ਮੈਨੇਜਰ, ਰੋਬੋਟ ਕੈਮਰੇ ਅਤੇ ਹੋਰ ਕਈ ਢੰਗਾਂ, ਤਕਨੀਕਾਂ ਬਾਰੇ ਜਾਣੂ ਕੀਤਾ ਜਾਵੇਗਾ। ਫਾਰਮਾਂ ਦੀ ਜੈਵਿਕ ਸੁਰੱਖਿਆ ਸੰਬੰਧੀ ਅਤੇ ਬਿਮਾਰੀ ਪੈਦਾ ਕਰਨ ਵਾਲੇ ਜੀਵਾਂ ਦੀ ਪਛਾਣ ਅਤੇ ਉਨ੍ਹਾਂ ਤੋਂ ਫੈਲਣ ਵਾਲੀਆਂ ਬਿਮਾਰੀਆਂ ਨੂੰ ਰੋਕਣ ਸੰਬੰਧੀ ਜਾਗਰੂਕਤਾ ਦਿੱਤੀ ਜਾਵੇਗੀ। ਇਸ ਮਕਸਦ ਲਈ ਵਰਤੇ ਜਾਣ ਵਾਲੇ ਢੰਗ ਅਤੇ ਅਭਿਆਸ ਪਸ਼ੂ ਪਾਲਕਾਂ ਨੂੰ ਦੱਸੇ ਜਾਣਗੇ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਬਾਬਾ ਫਰੀਦ ਕਾਲਜ ਆਫ ਫਾਰਮੇਸੀ ਦੇ ਵਿਦਿਆਰਥੀਆਂ ਵੱਲੋਂ ਬੀ ਫਾਰਮੇਸੀ ਪ੍ਰੀਖਿਆਵਾਂ ਵਿੱਚ ਚੰਗਾ ਪ੍ਰਦਰਸ਼ਨ

**ਲੁਧਿਆਣਾ ( ਕਰਨੈਲ ਸਿੰਘ ਐੱਮ.ਏ. )** ਬਾਬਾ ਫਰੀਦ ਕਾਲਜ ਆਫ ਫਾਰਮੇਸੀ, ਮੁੱਲਾਂਪੁਰ, ਲੁਧਿਆਣਾ ਦੇ ਵਿਦਿਆਰਥੀਆਂ ਨੇ ਬੀ.ਫਾਰਮੇਸੀ ਦੀ ਪ੍ਰੀਖਿਆ ਵਿੱਚ ਸ਼ਾਨਦਾਰ ਪ੍ਰਦਰਸ਼ਨ ਕਰਕੇ ਕਾਲਜ ਦਾ ਨਾਂ ਰੌਸ਼ਨ ਕੀਤਾ ਹੈ। 5ਵੀਂ ਸੇਮ ਦੇ ਰਾਕੇਸ਼ ਕੁਮਾਰ ਨੇ 8.85 ਐਸਜੀਪੀਏ ਪ੍ਰਾਪਤ ਕਰਕੇ ਕਾਲਜ ਵਿੱਚੋਂ ਪਹਿਲਾ ਸਥਾਨ ਹਾਸਲ ਕੀਤਾ ਹੈ ਙ ਤੀਜੇ ਸਮੈਸਟਰ ਦੀ ਨਿਸ਼ਾ ਪਾਂਡੇ ਨੇ 8.42 ਐਸਜੀਪੀਏ ਪ੍ਰਾਪਤ ਕਰਕੇ ਦੂਜਾ ਅਤੇ ਤੀਜਾ ਸਮੈਸਟਰ ਸੱਤਵੇਂ ਸਮੈਸਟਰ ਦੀ ਗੁਰਵਿੰਦਰ ਕੌਰ ਨੇ 8 . 3 3 ਐਸਜੀਪੀਏ ਪ੍ਰਾਪਤ ਕਰਕੇ ਤੀਜਾ ਸਥਾਨ ਹਾਸਲ ਕੀਤਾ ਹੈ। ਬੀ ਫਾਰਮੇਸੀ ਦੇ ਤੀਜੇ ਸਮੈਸਟਰ ਵਿੱਚ ਨਿਸ਼ਾ ਪਾਂਡੇ





ਪਹਿਲੇ, ਸ਼ਿਵਾਨੀ ਗੌਤਮ ਦੂਜੇ ਅਤੇ ਈਸ਼ਾ ਸ਼ਰਮਾ ਤੀਜੇ ਸਥਾਨ 'ਤੇ ਰਹੀ। ਪੰਜਵੇਂ ਸਮੈਸਟਰ ਵਿੱਚੋਂ ਰਾਕੇਸ਼ ਕੁਮਾਰ, ਮਨਮੀਤ ਕੌਰ ਅਤੇ ਹਰਮਨਜੋਤ ਕੌਰ ਨੇ ਪਹਿਲਾ, ਦੂਜਾ ਅਤੇ ਤੀਜਾ ਸਥਾਨ ਹਾਸਲ ਕੀਤਾ। ਸੱਤਵੇਂ ਸਮੈਸਟਰ ਵਿੱਚ ਗੁਰਵਿੰਦਰ ਕੌਰ ਨੇ ਪਹਿਲਾ, ਵਾਸੂ ਕੌੜਾ ਨੇ ਦੂਜਾ ਅਤੇ ਸਿੱਖਾ ਰਾਣੀ ਨੇ ਤੀਜਾ ਸਥਾਨ ਹਾਸਲ ਕੀਤਾ। ਡਾ: ਅਰੁਣ ਕੁਮਾਰ ਨੇ ਬੱਚਿਆਂ ਨੂੰ ਸ਼ਾਨਦਾਰ ਪ੍ਰਦਰਸ਼ਨ ਲਈ ਵਧਾਈ ਦਿੱਤੀ ਙ ਡਾ: ਰਿਸ਼ੀ ਕੋਂਡਾ ਨੇ ਦੱਸਿਆ ਕਿ ਡੀ ਫਾਰਮੇਸੀ, ਬੀ ਫਾਰਮੇਸੀ ਅਤੇ ਬੀ.ਐਸ.ਸੀ. (ਮੈਡੀਕਲ ਲੈਬ ਸਾਇੰਸਜ਼) ਵਿੱਚ 2025 ਸੈਸ਼ਨ ਲਈ ਦਾਖਲੇ ਸ਼ੁਰੂ ਹੋ ਗਏ ਹਨ।

# ਮੁੱਖ ਮੰਤਰੀ ਭਗਵੰਤ ਮਾਨ ਦੀ ਲੁਧਿਆਣਾ ਫੇਰੀ ਮੌਕੇ ਬਰਾੜ ਸੀਡਜ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਫੁੱਲਾਂ ਦਾ ਬੁੱਕਾ ਦੇ ਕੀਤਾ ਸਵਾਗਤ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਲੁਧਿਆਣਾ ਫੇਰੀ ਮੌਕੇ ਹਯਾਤ ਰਜਨਸੀ ਵਿਖੇ ਬਰਾੜ ਸੀਡਜ ਦੇ ਐਮ.ਡੀ. ਹਰਵਿੰਦਰ ਸਿੰਘ ਬਰਾੜ ਨੇ ਫੁੱਲਾਂ ਦਾ ਬੁੱਕਾ ਦੇ ਕੇ ਕੀਤਾ ਸਵਾਗਤ । ਇਸ ਮੌਕੇ ਹਰਵਿੰਦਰ ਸਿੰਘ ਬਰਾੜ ਨੇ ਮੁੱਖ ਮੰਤਰੀ ਨਾਲ ਖੇਤੀਬਾੜੀ ਸੰਬੰਧਿਤ ਵਿਸ਼ਿਆਂ ਤੇ ਚਰਚਾ ਕੀਤੀ ਉਹਨਾਂ ਕਿਹਾ ਕਿ ਪੰਜਾਬ ਸਰਕਾਰ ਕਿਸਾਨਾਂ ਦਾ ਆਰਥਿਕ ਪੱਧਰ ਉੱਚਾ ਚੁੱਕਣ ਲਈ ਚੰਗੇ ਉਪਰਾਲੇ ਕਰ ਰਹੀ ਹੈ ਅਤੇ ਆਉਣ ਵਾਲੇ ਸਮੇਂ ਵਿੱਚ ਦੁਨੀਆਂ ਵਿੱਚ ਪੰਜਾਬ ਖੇਤੀਬਾੜੀ ਵਿੱਚ ਮੋਹਰੀ ਸੂਬਾ ਬਣੇਗਾ ।



# ਅਜਾਇਬ ਸਿੰਘ ਰਟੋਲ਼ਾਂ ਦੀ ਬੇਵਕਤ ਮੌਤ ਉੱਤੇ ਅਫਸੋਸ ਪ੍ਰਗਟ

**ਸੰਗਰੂਰ ।** ਸਭਿਆਚਾਰਕ ਸਭਾ ਅਤੇ ਲੋਕ ਨਾਟਕ ਮੰਡਲੀ ਲਹਿਰਾਗਾਗਾ ਦੇ ਮੁੱਢਲੇ ਮੈਂਬਰ ਅਜਾਇਬ ਸਿੰਘ ਰਟੋਲ਼ਾਂ ਦੀ ਬੇਵਕਤ ਮੌਤ ਉੱਤੇ ਅਫਸੋਸ ਪ੍ਰਗਟ ਕਰਦਿਆਂ ਜਮਹੂਰੀ ਅਧਿਕਾਰ ਸਭਾ ਦੇ ਜ਼ਿਲ੍ਹਾ ਪ੍ਰਧਾਨ ਜਗਜੀਤ ਭੁਟਾਲ, ਮਾਲਵਾ ਹੇਕ ਦੇ ਸੰਚਾਲਕ ਜਗਦੀਸ਼ ਪਾਪੜਾ, ਤਰਕਸ਼ੀਲ ਸੁਸਾਇਟੀ ਦੇ ਆਗੂ ਮਾਸਟਰ ਪਰਮਵੇਦ,ਨਾਇਬ ਸਿੰਘ ਰਟੋਲ਼ਾਂ, ਸੱਭਿਆਚਾਰਕ ਮੰਚ ਛਾਜਲੀ ਦੇ ਸਕੱਤਰ ਜਸਬੀਰ ਲਾਡੀ ਅਤੇ ਲੋਕ ਚੇਤਨਾ ਮੰਚ ਲਹਿਰਾਗਾਗਾ ਦੇ ਪ੍ਰਧਾਨ ਗਿਆਨ ਚੰਦ ਸ਼ਰਮਾ ਨੇ ਉਨ੍ਹਾਂ ਦੇ ਪਰਿਵਾਰ ਨਾਲ ਦੁੱਖ ਸਾਂਝਾ ਕੀਤਾ। ਉਨ੍ਹਾਂ ਕਿਹਾ ਕਿਹਾ ਅਜਾਇਬ ਸਿੰਘ ਰਟੋਲ਼ਾਂ ਨੇ ਜਿੱਥੇ ਸਹਿਕਾਰਤਾ ਵਿਭਾਗ ਵਿਭਾਗ ਵਿੱਚ ਲੰਮਾਂ ਸਮਾਂ ਨੌਕਰੀ ਕਰਦਿਆਂ ਇੱਕ ਇਮਾਨਦਾਰ ਮੁਲਾਜ਼ਮ ਹੋਣ ਦਾ ਸਬੂਤ ਦਿੱਤਾ ਉੱਥੇ ਉਹ ਸਾਰੀ ਉਮਰ ਲੋਕ ਪੱਖੀ ਲਹਿਰਾਂ ਦਾ ਸਰਗਰਮ ਸੰਗੀ ਸਾਥੀ ਰਿਹਾ। ਨੌਜਵਾਨ ਭਾਰਤ ਸਭਾ ਦੀ ਚੜ੍ਹਤ ਦੇ ਦੌਰ ਵਿੱਚ ਉਹ ਲੋਕ ਨਾਟਕ ਮੰਡਲੀ ਲਹਿਰਾਗਾਗਾ ਵਿੱਚ



ਇੱਕ ਹੋਣਹਾਰ ਅਦਾਕਾਰ ਦੇ ਤੌਰ ਤੇ ਪਿੰਡਾਂ ਦੀਆਂ ਸਟੇਜਾਂ ਦਾ ਸ਼ਿੰਗਾਰ ਰਿਹਾ। ਪਗੜੀ ਸੰਭਾਲ ਜੱਟਾ,ਮਸਲਾ ਰੋਟੀ ਦਾ, ਇੱਕ ਲੜਾਈ ਇੱਕ ਸਮਝੌਤਾ, ਫਾਂਸੀ ਦੇ ਤਖ਼ਤੇ ਤੋਂ ਅਤੇ ਪਿਰਥੀਪਾਲ ਰੰਧਾਵਾ ਦੀ ਜ਼ਿੰਦਗੀ ਉੱਤੇ ਆਧਾਰਿਤ 'ਪਿਰਥੀ ਤੇਰਾ ਕਾਜ ਅਧੂਰਾ' ਨਾਟਕਾਂ ਵਿੱਚ ਉਸ ਨੇ ਦਰਸ਼ਕਾਂ ਦੇ ਦਿਲਾਂ ਉੱਤੇ ਡੂੰਘੀ ਛਾਪ ਛੱਡਣ ਵਾਲੇ ਯਾਦਗਾਰੀ ਰੋਲ ਨਿਭਾਏ।ਅਜਾਇਬ ਸਿੰਘ ਰਟੋਲ਼ਾਂ ਜਿੱਥੇ ਵੱਡੇ ਪਰਿਵਾਰ ਦੀ ਅਗਵਾਈ ਕਰਦਿਆਂ ਅਗਾਂਹਵਧੂ ਕਿਸਾਨ ਦੀ ਮਿਸਾਲ ਸੀ ਉੱਥੇ ਉਹ ਤਰਕਸ਼ੀਲ ਸੁਸਾਇਟੀ ਵਿੱਚ ਵੀ ਸਰਗਰਮ ਸੀ ਅਤੇ ਜਮਹੂਰੀ ਅਧਿਕਾਰ ਸਭਾ ਦੇ ਹਰ ਸਮਾਗਮ ਵਿੱਚ ਸ਼ਾਮਲ ਹੁੰਦਾ ਸੀ। ਆਗੂਆਂ ਨੇ ਕਿਹਾ ਕਿ ਅਜਾਇਬ ਸਿੰਘ ਰਟੋਲ਼ਾਂ ਦੇ ਅਚਾਨਕ ਵਿਛੋੜੇ ਨਾਲ ਜਿੱਥੇ ਉਨ੍ਹਾਂ ਦੇ ਪਰਿਵਾਰ ਨੂੰ ਵੱਡਾ ਘਾਟਾ ਪਿਆ ਹੈ ਉੱਥੇ ਅਗਾਂਹਵਧੂ ਲਹਿਰ ਅਤੇ ਤਰਕਸ਼ੀਲ ਸੁਸਾਇਟੀ ਕੋਲੋਂ ਇੱਕ ਸੁਹਿਰਦ ਅਤੇ ਸਰਗਰਮ ਕਾਮਾ ਵੀ ਖੁੱਸ ਗਿਆ ਹੈ।

ਅਜਾਇਬ ਸਿੰਘ ਰਟੋਲ਼ਾਂ ਨਮਿਤ ਰੱਖੇ ਗਏ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ 18 ਮਾਰਚ ਦਿਨ ਮੰਗਲਵਾਰ ਨੂੰ ਉਨ੍ਹਾਂ ਦੇ ਪਿੰਡ ਰਟੋਲ਼ਾਂ (ਸੰਗਰੂਰ) ਵਿਖੇ ਹੋਵੇਗੀ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ**
**ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਲੋਕਾਂ ਨੂੰ ਬਿਹਤਰ ਸਿਹਤ ਸੇਵਾਵਾਂ ਮੁਹੱਈਆ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ - ਕੁਮਾਰ ਰਾਹੁਲ

## ਪ੍ਰਮੁੱਖ ਸਕੱਤਰ ਵੱਲੋਂ ਸਿਵਲ ਹਸਪਤਾਲ, ਨਵਾਂਸ਼ਹਿਰ ਦਾ ਦੌਰਾ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਪ੍ਰਮੁੱਖ ਸਕੱਤਰ ਕੁਮਾਰ ਰਾਹੁਲ ਵੱਲੋਂ ਅੱਜ ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦਾ ਦੌਰਾ ਕਰਕੇ ਜ਼ਿਲ੍ਹੇ ਅੰਦਰ ਪ੍ਰਸਤਾਵਿਤ ਮੈਡੀਕਲ ਕਾਲਜ ਦੀ ਬਣਤਰ, ਇਸ ਦੀਆਂ ਤਿਆਰੀਆਂ ਤੇ ਜ਼ਿਲ੍ਹਾ ਹਸਪਤਾਲ ਵਿਚ ਐਮਰਜੈਂਸੀ ਸਿਹਤ ਸੇਵਾਵਾਂ ਦਾ ਜ਼ਾਇਜਾ ਲਿਆ ਗਿਆ। ਇਸ ਮੌਕੇ ਉਨ੍ਹਾਂ ਨੇ ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਪੰਜਾਬ ਦੇ ਡਾਇਰੈਕਟਰ ਅਵਨੀਸ਼ ਕੁਮਾਰ, ਡਿਪਟੀ ਕਮਿਸ਼ਨਰ ਅੰਕੁਰਜੀਤ ਸਿੰਘ, ਐਸ.ਐਸ.ਪੀ ਡਾ. ਮਹਿਤਾਬ ਸਿੰਘ, ਗੌਰਮਿੰਟ ਮੈਡੀਕਲ ਕਾਲਜ ਅੰਮ੍ਰਿਤਸਰ ਦੇ ਈ.ਐੱਨ.ਟੀ. ਵਿਭਾਗ ਦੇ ਮੁਖੀ ਡਾ. ਗੁਰਬਖਸ਼ ਸਿੰਘ, ਸਿਵਲ ਸਰਜਨ ਡਾ. ਗੁਰਿੰਦਰਜੀਤ ਸਿੰਘ, ਜ਼ਿਲ੍ਹਾ ਹਸਪਤਾਲ ਨਵਾਂਸ਼ਹਿਰ ਦੇ ਸੀਨੀਅਰ ਮੈਡੀਕਲ ਅਫਸਰ ਡਾ. ਸਤਵਿੰਦਰਪਾਲ ਸਿੰਘ ਸਮੇਤ ਜ਼ਿਲ੍ਹੇ ਵੱਖ-ਵੱਖ ਸਬੰਧਤ ਵਿਭਾਗਾਂ ਦੇ ਅਧਿਕਾਰੀਆਂ ਨਾਲ ਪ੍ਰਸਤਾਵਿਤ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਬਣਤਰ ਨੂੰ ਲੈ ਕੇ ਗੱਲਬਾਤ ਕੀਤੀ। ਇਸ ਮੌਕੇ ਉਨ੍ਹਾਂ ਜ਼ਿਲ੍ਹੇ ਵਿਚ ਪ੍ਰਸਤਾਵਿਤ ਮੈਡੀਕਲ ਕਾਲਜ ਲਈ ਦਿੱਤੀ ਗਈ ਜ਼ਮੀਨ ਨੂੰ ਵੀ



ਦੇਖਿਆ। ਇਸ ਮੌਕੇ ਕੁਮਾਰ ਰਾਹੁਲ ਨੇ ਕਿਹਾ ਕਿ ਸਾਡੀ ਤਰਜੀਹ ਇਹ ਯਕੀਨੀ ਬਣਾਉਣਾ ਹੈ ਕਿ ਹਰੇਕ ਨਾਗਰਿਕ ਨੂੰ ਸਮੇਂ ਸਿਰ ਅਤੇ ਮਿਆਰੀ ਸਿਹਤ ਸੰਭਾਲ ਸੇਵਾ ਮਿਲੇ। ਇਸ ਉਦੇਸ਼ ਦੀ ਪੂਰਤੀ ਲਈ ਅਸੀਂ ਸਾਰੇ ਸਰਕਾਰੀ ਹਸਪਤਾਲਾਂ ਵਿਚ ਉੱਚ ਪੱਧਰੀ ਮਿਆਰਾਂ ਨੂੰ ਬਰਕਰਾਰ ਰੱਖ ਰਹੇ ਹਾਂ। ਉਨ੍ਹਾਂ ਇਹ ਵੀ ਕਿਹਾ ਕਿ ਸਾਡੇ ਵੱਲੋਂ ਸਰਕਾਰੀ ਸਿਹਤ ਸੰਸਥਾਵਾਂ ਵਿਚ ਹਰੇਕ ਤਰ੍ਹਾਂ ਦੀਆਂ ਸਰਬੋਤਮ ਸਿਹਤ ਸੇਵਾਵਾਂ ਉਪਲਬੱਧ ਕਰਵਾਉਣ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

# ਮਾਧਵੀ ਅੱਗਰਵਾਲ ਦਾ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਲੋਕ ਅਰਪਣ








**ਜਲੰਧਰ (ਰਮੇਸ਼ਵਰ ਸਿੰਘ)** ਅਦਬੀ ਦੁਨੀਆ ਵਲੋਂ ਸ਼ਾਨਦਾਰ ਤੇ ਪ੍ਰਭਾਵਸ਼ੀਲ ਸਾਹਤਿਕ ਪ੍ਰੋਗਰਾਮ ਦਾ ਆਯੋਜਨ ਪੰਜਾਬ ਪ੍ਰੈੱਸ ਕਲੱਬ ਜਲੰਧਰ ਵਿਖੇ ਕਰਕੇ ਹਿੰਦੀ ਦੀ ਪ੍ਰਸਿੱਧ ਕਵਿੱਤਰੀ ਮਾਧਵੀ ਅੱਗਰਵਾਲ ਦੀ ਤੀਜੀ ਪੁਸਤਕ ਅਤੇ ਦੂਜਾ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਦਾ ਲੋਕ ਅਰਪਣ ਪ੍ਰਧਾਨ ਜਗਦੀਸ਼ ਡਾਲਿਆ ਅਤੇ ਸਰਪ੍ਰਸਤ ਕੀਮਤੀ ਕੈਸਰ ਅਤੇ ਸੁਰਜੀਤ ਸਿੰਘ ਦੀ ਦੇਖ ਰੇਖ ਹੇਠ ਕੀਤਾ ਗਿਆ।

ਪ੍ਰੋਗਰਾਮ ਦੇ ਮੁੱਖ ਮਹਿਮਾਨ ਦੇ ਤੌਰ ਤੇ ਪ੍ਰੋ.ਸੀਮਾ ਜੈਨ ਅਤੇ ਵਿਸ਼ੇਸ਼ ਮਹਿਮਾਨ ਵਜੋਂ ਡਾ.ਰਾਮ ਮੂਰਤੀ ਜੀ ਸ਼ਾਮਿਲ ਰਹੇ।ਪ੍ਰੋਗਰਾਮ ਦੇ ਪ੍ਰਧਾਨਗੀ ਮੰਡਲ ਵਿੱਚ ਕੇਂਦਰੀ ਪੰਜਾਬੀ ਲੇਖਕ ਸਭਾ ਸੇਖੋਂ ਦੇ ਜਨ ਸਕੱਤਰ ਪ੍ਰੋ.ਸੰਧੂ ਵਰਿਆਣਵੀ, ਲੋਕ ਸ਼ਾਇਰ ਜਗਦੀਸ਼ ਰਾਣਾ,ਸੁਰਜੀਤ ਸਿੰਘ, ਪਰਮਦਾਸ ਹੀਰ ਆਦਿ ਸ਼ੁਸ਼ੋਭਿਤ ਹੋਏ।ਅਦਬੀ ਦੁਨੀਆ ਦੇ ਪ੍ਰਧਾਨ ਜਗਦੀਸ਼ ਡਾਲਿਆ ਨੇ ਸਭ ਦਾ ਸਵਾਗਤ ਕਰਦਿਆਂ ਮਾਧਵੀ ਅੱਗਰਵਾਲ ਨੂੰ ਮੁਬਾਰਕਾਂ ਦਿੱਤੀਆਂ।ਇਸ ਮੌਕੇ ਸੀਮਾ ਜੈਨ ਅਤੇ ਡਾ.ਰਾਮ ਮੂਰਤੀ ਨੇ ਮਾਧਵੀ ਅੱਗਰਵਾਲ ਦੇ ਕਾਵਿ ਸੰਗ੍ਰਹਿ ਕਵਿਤਾ ਹਮਾਰਾ ਸ਼ਿਤਿਜ ਬਾਰੇ ਸੰਖੇਪ ਵਿੱਚ ਮੁਕੰਮਲ ਜਾਣਕਾਰੀ ਸਾਂਝੀ ਕਰਦਿਆਂ ਉਸ ਦੀ ਕਵਿਤਾ ਦੇ ਕਈ ਰੰਗਾਂ ਬਾਰੇ ਚਾਨਣ ਪਾਇਆ।ਲੋਕ ਸ਼ਾਇਰ ਜਗਦੀਸ਼ ਰਾਣਾ ਅਤੇ ਪ੍ਰੋ.ਸੰਧੂ ਵਰਿਆਣਵੀ ਨੇ ਮਾਧਵੀ ਅੱਗਰਵਾਲ ਨੂੰ ਵਧਾਈ ਦਿੰਦਿਆਂ ਉਸ ਦੇ ਵਿਅਕਤਿਤਵ ਅਤੇ ਮਿਲਣਸਾਰ ਸੁਭਾਅ ਅਤੇ ਉਸ ਦੀ ਕਵਿਤਾ ਦੀਆਂ ਖੂਬੀਆਂ ਬਾਰੇ ਗੱਲ ਕਰਦਿਆਂ ਕਿਹਾ ਕਿ ਭਵਿੱਖ ਵਿੱਚ ਬਹੁਤ ਘੱਟ ਸਮੇਂ ਵਿੱਚ ਉਸ ਦਾ ਨਾਮ ਤੇਜ਼ੀ ਨਾਲ ਸਾਹਿਤ ਜਗਤ ਵਿਚ ਉੱਭਰ ਕੇ ਸਾਹਮਣੇ ਆਇਆ ਹੈ ਤੇ ਪੂਰੀ ਉਮੀਦ ਹੈ ਉਹ ਆਪਣੀ ਮਿਹਨਤ ਲਗਨ ਤੇ ਇੱਛਾ ਸ਼ਕਤੀ ਨਾਲਸਾਹਿਤ ਜਗਤ ਵਿੱਚ ਆਪਣੀ ਵੱਖਰੀ ਪਛਾਣ ਬਣਾਏਗੀ

ਮਾਧਵੀ ਅੱਗਰਵਾਲ ਨੇ ਬੋਲਦਿਆਂ ਕਿਹਾ ਕਿ ਉਸ ਨੇ ਕਦੀ ਸੋਚਿਆ ਵੀ ਨਹੀਂ ਸੀ ਕਿ ਉਹ ਕਵਿਤਾ ਲਿਖੇਗੀ ਪਰ ਸਮੇਂ ਨੇ ਉਸ ਹੱਥ ਕਲ਼ਮ ਫੜਾ ਦਿੱਤੀ ਤੇ ਕਵਿਤਾ ਨੇ ਉਸ ਨੂੰ ਇਕ ਅਲੱਗ ਪਹਿਚਾਣ ਦਿੱਤੀ ਹੈ।ਉਸ ਨੇ ਆਪਣੇ ਜੀਵਨ ਸਾਥੀ ਅਤੇ ਪਰਿਵਾਰਕ ਮੈਂਬਰਾਂ ਵਲੋਂ ਮਿਲਦੇ ਭਰਪੂਰ ਸਹਿਯੋਗ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ।ਮਾਧਵੀ ਅੱਗਰਵਾਲ ਨੇ ਆਪਣੇ ਕਾਵਿ ਸੰਗ੍ਰਹਿ ਚੋਂ ਆਪਣੀਆਂ ਕਵਿਤਾਵਾਂ ਦੀ ਵੀ ਸਾਂਝ ਪਾਈ।

ਅਦਬੀ ਦੁਨੀਆ ਵਲੋਂ ਮਾਧਵੀ ਅੱਗਰਵਾਲ ਦੇ ਨਾ਼ਲ ਨਾ਼ਲ ਸੀਮਾ ਜੈਨ, ਡਾ.ਰਾਮ ਮੂਰਤੀ ਦਾ ਵੀ ਵਿਸ਼ੇਸ਼ ਸਨਮਾਨ ਕੀਤਾ ਗਿਆ।ਇਸ ਮੌਕੇ ਸ਼ਹੀਦ-ਏ-ਆਜ਼ਮ ਸ.ਭਗਤ ਸਿੰਘ ਦੀ ਯਾਦ ਵਿੱਚ ਸ਼ਾਨਦਾਰ ਕਵੀ ਦਰਬਾਰ ਦਾ ਆਯੋਜਨ ਵੀ ਕੀਤਾ ਗਿਆ ਜਿਸ ਵਿੱਚ ਪ੍ਰਧਾਨਗੀ ਮੰਡਲ ਦੇ ਨਾ਼ਲ ਨਾ਼ਲ ਕੀਮਤੀ ਕੈਸਰ, ਪਰਮਦਾਸ ਹੀਰ,ਮਿੱਤਰ ਮਨਜੀਤ,ਧਰਮਵੀਰ ਸਾਗਰ, ਗੁਰਦੀਪ ਸਿੰਘ ਸੈਣੀ, ਡਾ.ਵੀਣਾ ਵਿਜ ਉਦਿਤ,ਹਰਬੰਸ ਸਿੰਘ ਅਕਸ, ਪ੍ਰਿੰਸੀਪਲ ਪ੍ਰੋਮਿਲਾ ਅਰੋੜਾ,ਦੀਪਿਕਾ ਅਰੋੜਾ,ਪ੍ਰਵੀਨ ਗਗਨੇਜਾ, ਕੁਲਵਿੰਦਰ ਗਾਖਲ,ਜਸਪਾਲ ਜ਼ੀਰਵੀ, ਹਰਭਜਨ ਸਿੰਘ ਨਾਹਲ, ਹਰਜਿੰਦਰ ਸਿੰਘ ਜਿੰਦੀ, ਉਰਮਿਲਜੀਤ ਸਿੰਘ,ਤਰਸੇਮ ਜਲੰਧਰੀ,ਦਲਜੀਤ ਮਹਿਮੀ,ਪਵੀ ਟਿਵਾਣਾ,ਮਨੋਜ ਫਗਵਾੜਵੀ ਤੇ ਹੋਰ ਕਵੀਆਂ ਨੇ ਅਲਗ ਅਲਗ ਰੰਗਾਂ ਦੀਆਂ ਕਵਿਤਾਵਾਂ ਸੁਣਾ ਕੇ ਖ਼ੂਬ ਰੰਗ ਬੰਨ੍ਹਿਆ।ਮੰਚ ਸੰਚਾਲਨ ਰੋਹਿਤ ਸਿੱਧੂ ਅਲਗ ਨੇ ਵਧੀਆ ਢੰਗ ਨਾ਼ਲ ਚਲਾਉਂਦਿਆਂ ਸਭ ਨੂੰ ਸਮਾਂ ਦਿੱਤਾ।ਇਸ ਮੌਕੇ ਹੋਰਨਾਂ ਤੋਂ ਇਲਾਵਾ ਮੋਹਿਤ ਅੱਗਰਵਾਲ, ਪ੍ਰਭਾ ਅੱਗਰਵਾਲ, ਅਨੀਤਾ ਬਾਵਾ, ਰਜਨੀ ਬਾਵਾ, ਰੇਨੂੰ ਬਾਵਾ, ਸੁਰਭੀ, ਨੀਨਾ ਲਾਂਬਾ, ਬਲਬੀਰ ਕੁਮਾਰ ਲਾਂਬਾ, ਨਾਵਲਕਾਰ ਗੁਰਨਾਮ ਬਾਵਾ, ਹਿਮਾਨੀ ਗੁਪਤਾ, ਆਸ਼ਾ ਕਿਰਨ ਗੁਪਤਾ, ਪ੍ਰਦੀਪ ਧਵਨ, ਪੂਨਮ ਧਵਨ, ਮਾਣਿਕ ਧਵਨ, ਚੰਦ੍ਰ ਮੋਹਨ ਭਾਟੀਆ, ਚੰਦਰਸ਼ੇਖਰ, ਐਡਵੋਕੇਟ ਜੀ.ਪੀ.ਐਸ. ਰਾਣਾ, ਸੁਰਿੰਦਰਪਾਲ ਸਿੰਘ,ਰਾਜੇਸ਼, ਰਾਜੀਵ ਵੀ ਹਾਜ਼ਿਰ ਰਹੇ।

# ਕੈਰੀਅਰ ਪੁਆਇੰਟ ਕੋਟਾ ਵੱਲੋਂ ਜੇ ਈ(JEE) ਅਤੇ ਨੀਟ (NEET) ਦੀਆਂ ਕਲਾਸਾਂ ਦੀ ਸੁਵਿਧਾ ਕੀਤੀ ਸ਼ੁਰੂ

## ਪਹਿਲੇ ਬੈਚ ਦੇ 30 ਵਿਦਿਆਰਥੀਆਂ ਨੂੰ ਇਹ ਸਿੱਖਿਆ ਮੁਫ਼ਤ ਦਿੱਤੀ ਜਾਵੇਗੀ : ਸਿੰਗਲਾ

**ਭੀਖੀ ( ਕਮਲ ਜਿੰਦਲ)** ਦ ਹੈਰੀਟੇਜ਼ ਇੰਟਰਨੈਸ਼ਨਲ ਸਕੂਲ, ਭੀਖੀ ਵੱਲੋਂ ਸਿੱਖਿਆ ਦੇ ਖੇਤਰ ਵਿੱਚ ਇਕ ਹੋਰ ਮੀਲ ਪੱਥਰ ਸਥਾਪਿਤ ਕਰਦਿਆਂ ਕਰੀਅਰ ਪੁਆਇੰਟ ਕੋਟਾ ਨਾਲ ਉਚੇਰੀ ਪੜ੍ਹਾਈ ਲਈ ਇੱਕ ਸਿੱਖਿਅਕ ਸਮਝੌਤਾ ਕੀਤਾ ਗਿਆ ਹੈ । ਇਸ ਸੰਬੰਧੀ ਸਕੂਲ ਦੇ ਚੇਅਰਮੈਨ ਸੁਰੇਸ਼ ਸਿੰਗਲਾ ਜੀ ਨੇ ਜਾਣਕਾਰੀ ਦਿੰਦਿਆ ਦੱਸਿਆ ਹੈ ਕਿ ਕਰੀਅਰ ਪੁਆਇੰਟ ਕੋਟਾ ( ਜੋ ਕਿ NEET ਅਤੇ JEE ਦੀ ਪ੍ਰੀਖਿਆ ਲਈ ਕੋਚਿੰਗ ਦੇਣ ਵਾਲੀ ਦੇਸ਼ ਦਾ ਇੱਕ ਪ੍ਰਸਿੱਧ ਸਿੱਖਿਆ ਸੰਸਥਾ ਹੈ ) ਵੱਲੋਂ ਦ ਹੈਰੀਟੇਜ਼ ਇੰਟਰਨੈਸ਼ਨਲ ਸਕੂਲ, ਭੀਖੀ ਵਿੱਚ ਜੋ ਵਿਦਿਆਰਥੀ ਡਾਕਟਰ ਜਾਂ ਇੰਜੀਨੀਅਰ ਬਣਨਾ ਚਾਹੁੰਦੇ ਹਨ ਉਹਨਾਂ ਨੂੰ ਕੋਚਿੰਗ ਦਿੱਤੀ ਜਾਵੇਗੀ । ਹੁਣ ਵਿਦਿਆਰਥੀਆਂ ਨੂੰ ਕੋਟਾ , ਚੰਡੀਗੜ੍ਹ ਜਾਂ ਬਠਿੰਡਾ ਕੋਚਿੰਗ ਲੈਣ ਜਾਣ ਦੀ ਜ਼ਰੂਰਤ ਨਹੀਂ ਪਵੇਗੀ , ਜਿੱਥੇ ਕਿ 2 ਤੋਂ 3 ਲੱਖ ਰੁਪਏ ਖਰਚ ਆਉਂਦਾ ਹੈ । ਸਕੂਲ ਵੱਲੋਂ ਪਹਿਲੇ ਬੈਚ ਦੇ 30 ਵਿਦਿਆਰਥੀਆਂ ਨੂੰ ਇਹ ਸਿੱਖਿਆ ਮੁਫ਼ਤ ਦਿੱਤੀ ਜਾਵੇਗੀ। ਪਰ ਇਸ ਲਈ ਸਕਾਲਰਸ਼ਿਪ ਟੈਸਟ ਸਕੂਲ ਵਿੱਚ ਪਹੁੰਚ ਕੇ ਦੇਣਾ ਜ਼ਰੂਰੀ ਹੈ ਅਤੇ ਜੋ ਬੱਚੇ ਇਸ ਸਕਾਲਰਸ਼ਿਪ ਟੈਸਟ ਨੂੰ ਪਾਸ ਕਰ ਲੈਂਦੇ ਹਨ ,ਉਹਨਾਂ ਪਹਿਲੇ 30 ਵਿਦਿਆਰਥੀਆਂ ਨੂੰ ਇਹ ਸਿੱਖਿਆ ਮੁਫਤ ਵਿੱਚ ਮੁਹੱਈਆ ਕਰਵਾਈ ਜਾਵੇਗੀ। ਅਗਲੇ ਬੈਚ ਦੇ ਵਿਦਿਆਰਥੀਆਂ ਦੀ ਫੀਸ ਲਈ ਜਾਵੇਗੀ। ਸੀਟਾਂ ਸੀਮਿਤ ਹਨ , ਇਸ ਲਈ ਦਾਖਲਾ ਲੈਣ ਦੇ ਚਾਹਵਾਨ ਵਿਦਿਆਰਥੀ ਜਲਦੀ ਤੋਂ ਜਲਦੀ ਸਕੂਲ ਨਾਲ ਸੰਪਰਕ ਕਰਨ ਤੇ ਇਸ ਸੁਨਹਿਰੀ ਮੌਕੇ ਦਾ ਲਾਭ ਪ੍ਰਾਪਤ ਕਰਨ । ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸ੍ਰੀ ਰਾਜੇਸ਼ ਕਾਂਸਲ ਜੀ ਅਤੇ ਪ੍ਰਿੰਸੀਪਲ ਮੈਡਮ ਦਿਲਪ੍ਰੀਤ ਖੁਰਾਣਾ ਨੇ ਕਿਹਾ ਕਿ ਸਕੂਲ ਦੇ ਇਸ ਕਦਮ ਨਾਲ ਇਲਾਕੇ ਦੇ ਬਹੁਤ ਸਾਰੇ ਵਿਦਿਆਰਥੀ ਜੋ ਕਿ ਮਹਿੰਗੀ ਪੜ੍ਹਾਈ ਹੋਣ ਕਾਰਨ ਉਚੇਰੀ ਸਿੱਖਿਆ ਲੈਣ ਤੋਂ ਵਾਂਝੇ ਰਹਿ ਜਾਂਦੇ ਸਨ ਉਹਨਾਂ ਨੂੰ ਬਹੁਤ ਮਦਦ ਮਿਲੇਗੀ । ਵਧੇਰੇ ਜਾਣਕਾਰੀ ਲਈ *91155-30119, 90410-01519, 70098-97141, 70091-77327* ਨੰਬਰਾਂ ਤੇ ਸਕੂਲ ਨਾਲ ਸੰਪਰਕ ਕਰੋ।

# ਪ੍ਰਭ ਆਸਰਾ, ਕੁਰਾ਼ਲੀ ਵਿਖੇ ਲੰਮੇ ਸਮੇਂ ਤੋਂ ਦਾਖਲ ਬੀਬੀ ਬੁਧੀਆ ਦੀ ਹਾਲਤ ਗੰਭੀਰ



**ਕੁਰਾ਼ਲੀ, (ਗੁਰਬਿੰਦਰ ਸਿੰਘ ਰੋਮੀ):** ਕੁਰਾਲੀ ਸ਼ਹਿਰ ਦੀ ਹੱਦ ਵਿੱਚ ਲਾਵਾਰਸ ਲੋਕਾਂ ਦੀ ਸੇਵਾ-ਸੰਭਾ਼ਲ ਕਰ ਰਹੀ ਸੰਸਥਾ ਪ੍ਰਭ ਆਸਰਾ ਵਿਖੇ ਲੱਗਭਗ 09 ਸਾਲਾਂ ਤੋਂ ਰਹਿ ਰਹੀ ਬੀਬੀ ਬੁਧੀਆ (44 ਸਾਲ) ਦੀ ਹਾਲਤ ਗੰਭੀਰ ਬਣੀ ਹੋਈ ਹੈ। ਜੋ ਕਿ ਸੰਸਥਾ ਦੇ ਚਨਾ਼ਲੋਂ (ਕੁਰਾ਼ਲੀ) ਵਿਖੇ ਸਥਿਤ ਮਲਟੀਸਪੈਸ਼ਲ ਚੈਰੀਟੇਬਲ ਹਸਪਤਾਲ ਵਿੱਚ ਮਾਹਿਰ ਡਾਕਟਰਾਂ ਦੀ ਦੇਖ-ਰੇਖ ਹੇਠ ਇਲਾਜ ਅਧੀਨ ਹੈ। ਸੰਸਥਾ ਮੁਖੀ ਭਾਈ ਸ਼ਮਸ਼ੇਰ ਸਿੰਘ ਅਤੇ ਬੀਬੀ ਰਾਜਿੰਦਰ ਕੌਰ ਨੇ ਦੱਸਿਆ ਕਿ ਡਾਕਟਰਾਂ ਦੀ ਰਿਪੋਰਟ ਮੁਤਾਬਕ ਇਸ ਬੀਬੀ ਦੀ ਸਥਿਤੀ ਨਾਜ਼ੁਕ ਹੈ। ਇਸਨੂੰ 06-04-2016 ਨੂੰ ਪੁਲਸ ਥਾਣਾ: ਸੋਹਾਣਾ (ਜਿਲ੍ਹਾ: ਮੋਹਾ਼ਲੀ) ਵੱਲੋਂ ਬੜੀ ਤਰਸਯੋਗ ਹਾਲਤ ਵਿੱਚ ਪ੍ਰਭ ਆਸਰਾ, ਕੁਰਾ਼ਲੀ ਵਿਖੇ ਦਾਖਲ ਕਰਵਾਇਆ ਗਿਆ ਸੀ। ਪ੍ਰਬੰਧਕਾਂ ਵੱਲੋਂ ਅਪੀਲ ਕੀਤੀ ਜਾਂਦੀ ਹੈ ਕਿ ਜੇਕਰ ਇਸ ਬੀਬੀ ਨੂੰ ਪਛਾਨਣ ਵਾ਼ਲਾ ਕੋਈ ਰਿਸ਼ਤੇਦਾਰ ਇਸਨੂੰ ਮਿਲਣਾ ਚਾਹੁੰਦਾ ਹੋਵੇ ਤਾਂ ਪ੍ਰਭ ਆਸਰਾ, ਕੁਰਾ਼ਲੀ ਵਿਖੇ ਸੰਪਰਕ ਕਰ ਸਕਦਾ ਹੈ।

# ਮਹਾਂਕੁੰਭ ਅਤੇ ਹੋਲੀ ਮੌਕੇ ਭਾਰਤ ਸਕਾਊਟਸ ਐਂਡ ਗਾਈਡਸ ਵੱਲੋਂ ਚੰਗੀ ਕਾਰਗੁਜ਼ਾਰੀ ਲਈ ਉਤਰੀ ਰੇਲਵੇ ਡੀਜ਼ਲ ਸ਼ੈਂਡ ਵੱਲੋਂ ਧੰਨਵਾਦ ਕੀਤਾ ਗਿਆ



**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੂਰਨ ਮਹਾਂਕੁੰਭ ਪ੍ਰਯਾਗਰਾਜ ਅਤੇ ਹੋਲੀ ਦੇ ਤਿਉਹਾਰ ਦੇ ਮੌਕੇ 'ਤੇ, ਭਾਰਤ ਸਕਾਊਟਸ ਐਂਡ ਗਾਈਡਜ਼ ਫ਼ਿਰੋਜ਼ਪੁਰ ਡਿਵੀਜ਼ਨ ਅਧੀਨ, ਲੁਧਿਆਣਾ ਅਤੇ ਢੰਡਾਰੀ ਕਲਾਂ ਦੇ ਰੇਲਵੇ ਸਟੇਸ਼ਨਾਂ 'ਤੇ ਯਾਤਰੀਆਂ ਦੀ ਭਾਰੀ ਭੀੜ ਨੂੰ ਕੰਟਰੋਲ ਕਰਨ ਲਈ, ਭਾਰਤ ਸਕਾਊਟਸ ਐਂਡ ਗਾਈਡਜ਼ ਉੱਤਰੀ ਰੇਲਵੇ ਡੀਜ਼ਲ ਸ਼ੈੱਡ ਅਤੇ ਕੈਰਿਜ ਐਂਡ ਵੈਗਨ ਅਤੇ ਕਈ ਸੈਕਸ਼ਨਾਂ ਦੇ ਵਲੰਟੀਅਰਾਂ ਨੇ, ਸਤਿਕਾਰਯੋਗ ਚੀਫ਼ ਸਟੇਸ਼ਨ ਮੈਨੇਜਰ ਅਤੇ ਚੀਫ਼ ਟਿਕਟ ਇੰਸਪੈਕਟਰ ਦੀ ਅਗਵਾਈ ਹੇਠ, ਆਪਣੀ ਬੁੱਧੀ ਅਤੇ ਕਾਰਜਸ਼ੈਲੀ ਨਾਲ ਆਪਣਾ ਕੰਮ ਸੁਚਾਰੂ ਢੰਗ ਨਾਲ ਪੂਰਾ ਕੀਤਾ। ਜੋ ਕਿ ਆਪਣੇ ਆਪ ਵਿੱਚ ਇੱਕ ਹੈਰਾਨੀਜਨਕ ਅਤੇ ਬੇਮਿਸਾਲ ਕੰਮ ਸੀ। ਚੀਫ਼ ਸਟੇਸ਼ਨ ਮੈਨੇਜਰ, ਉੱਤਰੀ ਰੇਲਵੇ, ਲੁਧਿਆਣਾ, ਚੀਫ਼ ਟਿਕਟ ਇੰਸਪੈਕਟਰ, ਲੁਧਿਆਣਾ ਅਤੇ ਸਾਰੇ ਭਾਰਤ ਸਕਾਊਟਸ ਐਂਡ ਗਾਈਡਜ਼, ਉੱਤਰੀ ਰੇਲਵੇ ਡੀਜ਼ਲ ਸ਼ੈੱਡ, ਲੁਧਿਆਣਾ ਅਤੇ ਕੈਰਿਜ ਐਂਡ ਵੈਗਨ ਸੈਕਸ਼ਨ ਦੇ ਵਲੰਟੀਅਰਾਂ ਨੂੰ ਦਿਲੋਂ ਵਧਾਈਆਂ ਅਤੇ ਧੰਨਵਾਦ ਦਿੰਦੇ ਹਨ।

for more news visit:
www.samajweekly.com

# ਲੁਧਿਆਣਾ ਮੈਡੀਕਲ ਐਸੋਸੀਏਸ਼ਨ ਵੱਲੋਂ ਫਿਟ ਇੰਡੀਆ ਤਹਿਤ ਮੋਟਾਪੇ ਦੇ ਖ਼ਿਲਾਫ਼ ਮੁਹਿੰਮ ਸ਼ੁਰੂ

**ਲੁਧਿਆਣਾ 16 ਮਾਰਚ (ਕਰਨੈਲ ਸਿੰਘ ਐੱਮ.ਏ.)** ਲੁਧਿਆਣਾ ਦਾ ਮੈਡੀਕਲ ਭਾਈਚਾਰਾ ਫਿਟ ਇੰਡੀਆ ਫਾਈਟ ਮੋਟਾਪਾ ਮੁਹਿੰਮ ਦਾ ਸਮਰਥਨ ਕਰਨ ਲਈ ਇੱਕਜੁੱਟ ਹੋਇਆ। ਸਪੋਰਟਸ ਅਥਾਰਟੀ ਆਫ਼ ਇੰਡੀਆ ਦੇ ਸਹਿਯੋਗ ਨਾਲ, ਇੰਡੀਅਨ ਮੈਡੀਕਲ ਐਸੋਸੀਏਸ਼ਨ ਲੁਧਿਆਣਾ ਨੇ ਇੱਕ ਸ਼ਕਤੀਸ਼ਾਲੀ ਪਹਿਲਕਦਮੀ ਦੀ ਅਗਵਾਈ ਕੀਤੀ, ਜਿਸ ਵਿੱਚ ਪ੍ਰਧਾਨ ਮੰਤਰੀ ਮੋਦੀ ਦੇ ਸਿਹਤਮੰਦ ਭਾਰਤ ਦੇ ਦ੍ਰਿਸ਼ਟੀਕੋਣ ਲਈ ਵਿਆਪਕ ਸਮਰਥਨ ਦਾ ਪ੍ਰਦਰਸ਼ਨ ਕੀਤਾ ਗਿਆ। ਡਾ: ਮਨੋਜ ਸੋਬਤੀ ਸਰਪ੍ਰਸਤ ਆਈ.ਐਮ.ਏ. ਲੁਧਿਆਣਾ ਇਸ ਸਮਾਗਮ ਦੇ ਮੁੱਖ ਮਹਿਮਾਨ ਸਨ ਅਤੇ ਉਨ੍ਹਾਂ ਨੂੰ ਸਪੋਰਟਸ ਅਥਾਰਟੀ ਆਫ਼ ਇੰਡੀਆ (ਸਾਈ) ਦੇ ਸ਼੍ਰੀ ਬਲਵਿੰਦਰ ਸਿੰਘ ਨੇ ਸਨਮਾਨਿਤ ਕੀਤਾ। ਡਾ: ਮਨੋਜ ਸੋਬਤੀ ਨੇ ਕਿਹਾ ਕਿ 'ਐਤਵਾਰ ਸਾਈਕਲ 'ਤੇ' ਲਹਿਰ ਭਾਰਤ ਦੇ ਕੇਂਦਰੀ ਸਿਹਤ ਮੰਤਰਾਲੇ ਦੁਆਰਾ ਫਿੱਟ ਇੰਡੀਆ ਮੁਹਿੰਮ ਦੇ ਹਿੱਸੇ ਵਜੋਂ ਸ਼ੁਰੂ ਕੀਤੀ ਗਈ ਹੈ ਅਤੇ ਡਾਕਟਰਾਂ ਅਤੇ ਸਿਹਤ ਪੇਸ਼ੇਵਰਾਂ ਦੇ ਇਕੱਠੇ ਸਾਈਕਲ ਚਲਾਉਣ ਨਾਲ ਇਸ ਨੂੰ ਹੋਰ ਗਤੀ ਮਿਲੀ ਹੈ। ਡਾ: ਮਨੋਜ ਸੋਬਤੀ ਨੇ ਕਸਰਤ ਅਤੇ ਸਿਹਤਮੰਦ ਜੀਵਨ ਸ਼ੈਲੀ ਦੀ ਮਹੱਤਤਾ 'ਤੇ ਜ਼ੋਰ ਦਿੱਤਾ।ਡਾ: ਧੀਰਜ ਅਗਰਵਾਲ, ਪ੍ਰਧਾਨ ਆਈ.ਐੱਮ.ਏ. ਲੁਧਿਆਣਾ ਨੇ ਇੱਕ ਫਿੱਟ ਰਾਸ਼ਟਰ ਲਈ ਸਮੂਹਿਕ ਕਾਰਵਾਈ ਦੀ



ਅਪੀਲ ਕਰਦੇ ਹੋਏ ਮੋਟਾਪੇ ਨਾਲ ਲੜਨ ਦੀ ਅਹਿਮ ਲੋੜ 'ਤੇ ਜ਼ੋਰ ਦਿੱਤਾ। ਡਾ: ਰੁਚੀ ਮੁਤਨੇਜਾ ਸਕੱਤਰ ਆਈ.ਐਮ.ਏ. ਲੁਧਿਆਣਾ ਨੇ ਇਸ ਮੁੱਦੇ ਨੂੰ ਹੱਲ ਕਰਨ ਦੀ ਤੁਰੰਤ ਲੋੜ 'ਤੇ ਜ਼ੋਰ ਦਿੱਤਾ, ਜਿਸ ਵਿੱਚ ਡਾਕਟਰੀ ਭਾਈਚਾਰੇ ਦੀ ਵਿਆਪਕ ਭਾਗੀਦਾਰੀ ਸ਼ਾਮਲ ਹੋਵੇ ਅਤੇ ਇੱਕ ਸਿਹਤਮੰਦ ਭਾਰਤ ਪ੍ਰਤੀ ਇੱਕਜੁੱਟ ਵਚਨਬੱਧਤਾ ਦਾ ਪ੍ਰਦਰਸ਼ਨ ਕੀਤਾ ਜਾ ਸਕੇ। ਇਸ ਸਮਾਗਮ ਵਿੱਚ ਆਈ.ਐਮ.ਏ. ਲੁਧਿਆਣਾ ਦੇ 50 ਡਾਕਟਰਾਂ ਅਤੇ ਸਪੋਰਟਸ ਅਥਾਰਟੀ ਆਫ਼ ਇੰਡੀਆ (ਸਾਈ) ਦੇ ਕਈ ਅਧਿਕਾਰੀਆਂ ਅਤੇ ਖਿਡਾਰੀ ਸ਼ਾਮਲ ਹੋਏ। ਆਈ.ਐਮ.ਏ. ਦੇ ਆਗੂਆਂ, ਜਿਨ੍ਹਾਂ ਵਿੱਚ ਡਾ: ਸੁਨੀਲ ਕਤਿਆਲ, ਪੰਜਾਬ ਰਾਜ ਆਈ.ਐਮ.ਏ. ਦੇ ਤਤਕਾਲੀ ਸਾਬਕਾ ਪ੍ਰਧਾਨ, ਨੇ ਸਾਰਿਆਂ ਨੂੰ ਤੰਦਰੁਸਤ ਰਹਿਣ ਲਈ ਪ੍ਰੇਰਿਤ ਕੀਤਾ। ਡਾ: ਪੀ.ਐਸ. ਜੱਸਲ, ਡਾ: ਅਵਿਨਾਸ਼ ਜਿੰਦਲ, ਡਾ: ਮਿਲਾਨ ਵਰਮਾ, ਡਾ: ਸਚਿਨ, ਡਾ: ਸ਼ੁਮੈਲਾ ਬੱਸੀ, ਡਾ: ਪੰਕਜ ਮਿੱਤਲ, ਡਾ: ਨਿਤਿਨ ਮਿੱਤਲ ਅਤੇ ਡਾ: ਆਸ਼ੀਸ਼ ਓਹਰੀ ਵਰਗੇ ਉੱਘੇ ਡਾਕਟਰ ਇਸ ਸਮਾਗਮ ਵਿੱਚ ਸ਼ਾਮਲ ਹੋਏ, ਇਕੱਠੇ ਮੋਟਾਪੇ ਨਾਲ ਲੜਨ ਦੇ ਸੰਦੇਸ਼ ਨੂੰ ਹੋਰ ਮਜ਼ਬੂਤ ਕੀਤਾ।

# ਮਾਮਲਾ ਫ਼ਰਦ ਕੇਂਦਰਾਂ ਦਾ : ਫਰਦਾ ਆਨਲਾਈਨ ਨਾ ਕਰਨ ਸਬੰਧੀ ਬੀਕੇਯੂ ਦੁਆਬਾ ਨੇ ਮੰਗ ਪੱਤਰ ਸੌਂਪਿਆ

**ਮਹਿਤਪੁਰ (ਹਰਜਿੰਦਰ ਸਿੰਘ ਚੰਦੀ)–** ਫਰਦਾਂ ਆਨਲਾਈਨ ਨਾ ਕਰਨ ਸਬੰਧੀ ਬੀਕੇਯੂ ਦੁਆਬਾ ਬਲਾਕ ਮਹਿਤਪੁਰ ਵਲੋਂ ਮਹਿਤਪੁਰ ਸਬ ਤਹਿਸੀਲ ਦੀ ਨਾਇਬ ਤਹਿਸੀਲਦਾਰ ਅਰਸ਼ਪ੍ਰੀਤ ਕੌਰ ਰਾਹੀ ਪੰਜਾਬ ਸਰਕਾਰ ਨੂੰ ਮੰਗ ਪੱਤਰ ਸੌਂਪਿਆ । ਇਸ ਮੌਕੇ ਕਸ਼ਮੀਰ ਸਿੰਘ ਪੰਨੂ ਨੇ ਕਿਹਾ ਕਿ ਅਨਪੜ ਕਿਸਾਨ ਆਨਲਾਈਨ ਫ਼ਰਦ ਲਈ ਕੈਫਿਆ ਚੱਕਰਾਂ ਵਿਚ ਫਸ ਜਾਣਗੇ ਜਿਥੇ ਉਨ੍ਹਾਂ ਦਾ ਵਧੇਰੇ ਸ਼ੋਸ਼ਣ ਹੋਵ-ਗਾ। ਉਨ੍ਹਾਂ ਕਿਹਾ ਕਿ ਬਾਹਰੀ ਤੌਰ ਤੇ ਇਹ ਫੈਸਲਾ ਠੀਕ ਲਗ ਰਿਹਾ ਹੈ ਪਰ ਹਕੀਕਤ ਵਿੱਚ ਇਹ ਜਲੇਬੀ ਵਾਂਗੂ ਹੈ। ਉਨ੍ਹਾਂ ਕਿਹਾ ਕਿਸਾਨ ਨੂੰ ਫ਼ਰਦ ਲੈਣ ਲਈ ਪਹਿਲਾਂ ਖੁਦ ਹਾਜ਼ਰ ਹੋਕੇ ,ਸਰਕਾਰੀ ਖਾਤੇ ਚ ਪੈਸੇ ਜਮ੍ਹਾਂ ਕਰਵਾਉਣੇ ਪੈਣਗੇ ਫੇਰ ਕਿਸੇ ਸਾਈਬਰ ਕੈਫੇ ਚ ਜਾਕੇ ਉਸਦਾ ਪ੍ਰਿੰਟ ਕਢਵਾਉਣਾ ਪੈਣਾ ਹੈ। ਇਸ ਨਾਲ ਦੁੱਗਣਾ ਖਰਚਾ ਤੇ ਵਾਧੂ



ਸਮਾਂ ਬਰਬਾਦ ਹੋਵੇਗਾ। ਲੋਕਾਂ ਲਈ ਇਹ ਫੈਸਲਾ ਚਿਤਾ ਪੈਦਾ ਕਰਨ ਵਾਲਾ ਹੈ। ਜਦੋਂ ਇਸ ਸਬੰਧੀ ਫਰਦ ਕੇਂਦਰ ਨਾਲ ਗੱਲਬਾਤ ਕਰਦੇ ਹਾਂ ਤਾਂ ਉਹ ਕੁਛ ਵੀ ਲੜ ਪਲੇ ਨਹੀਂ ਪਾ ਰਹੇ। ਕਸ਼ਮੀਰ ਸਿੰਘ ਪੰਨੂ ਨੇ ਕਿਹਾ ਕਿ ਜੇਕਰ ਫਰਦ ਕੇਂਦਰ ਬੰਦ ਕਰਕੇ ਫਰਦਾਂ ਨੂੰ ਆਨਲਾਈਨ ਕਰਕੇ ਕਿਸਾਨਾਂ ਨੂੰ ਖਜਲ ਖੁਆਰ ਕੀਤਾ ਗਿਆ ਤਾਂ ਹਮ ਖਿਆਲੀ ਜਥੇਬੰਦੀਆਂ ਨੂੰ ਨਾਲ ਲੈਕੇ ਸੰਘਰਸ਼ ਆਰੰਭਿਆ ਜਾਵੇਗਾ। ਇਸ ਮੌਕੇ ਨਰਿੰਦਰ ਸਿੰਘ ਉਧੋਵਾਲ , ਸੁਖਵਿੰਦਰ ਸਿੰਘ ਜੱਜ , ਅਵਤਾਰ ਸਿੰਘ ਮਾਨ, ਬਲਵੀਰ ਸਿੰਘ ਉਧੋਵਾਲ , ਹਰਜਿੰਦਰ ਸਿੰਘ ਖਹਿਰਾ ਮਸਤਰਕਾ ,ਕੁਲਵਿੰਦਰ ਸਿੰਘ ਤੰਦਾਉਰਾ , ਸਤਪਾਲ ਸਿੰਘ, ਗੁਰਮੇਲ ਸਿੰਘ ਪਛਾੜੀਆ, ਕਮਲਜੀਤ ਰਾਏ , ਰਣਜੋਧ ਸਿੰਘ ਆਦਿ ਆਗੂ ਹਾਜ਼ਰ ਸਨ।

# ਪੰਜਾਬ ਮੈਂਟੀਨੈਂਸ ਐਂਡ ਵੈਲਫੇਅਰ ਆਫ ਪੇਰੈਂਟਸ ਐਂਡ ਸੀਨੀਅਰ ਸਿਟੀਜ਼ਨ ਦਾ ਵਫਦ ਸਮਾਜਿਕ ਸੁਰੱਖਿਆ ਅਫਸਰ ਨੂੰ ਮਿਲਿਆ

**ਹੁਸ਼ਿਆਰੁਪਰ (ਸਤਨਾਮ ਸਿੰਘ ਸਹੂੰਗੜਾ)** ਸੀਨੀਅਰ ਸਿਟੀਜ਼ਨ ਭਲਾਈ ਕਮੇਟੀ ਦੇ ਜ਼ਰਨਲ ਸਕਤਰ ਸਾਬਕਾ ਪ੍ਰਿੰਸੀਪਲ ਜਮਨਾ ਦਾਸ ਨੇ ਇੱਕ ਪ੍ਰੈਸ ਬਿਆਨ ਰਾਹੀ ਦਸਿਆ ਕਿ ਪੰਜਾਬ ਮੈਂਟੀਨੈਸ ਐਂਡ ਵੇਲਫੇਅਰ ਆਫ ਪੇਰੈਂਟਸ ਐਡ ਸੀਨੀਅਰ ਸਿਟੀਜ਼ਨ ਹੁਸ਼ਿਆਰਪੁਰ ਦੇ ਜਿਲ੍ਹਾਂ ਪਧੱਰੀ ਕਮੇਟੀ ਮੈਂਬਰਾਂ ਦਾ ਇੱਕ ਪ੍ਰਤੀਨਿਧੀ ਮੰਡਲ ਜਰਨੈਲ ਸਿੰਘ ਧੀਰ ਸਟੇਟ ਅਵਾਰਡੀ ਦੀ ਅਗਵਾਈ ਵਿੱਚ ਜਿਲ੍ਹਾਂ ਸਮਾਜਿਕ ਸੁਰਖਿਆ ਅਫ਼ਰਸ ਮਨਪ੍ਰੀਤ ਸਿੰਘ ਨੂੰ ਮਿਲਿਆ ਅਤੇ ਉਨ੍ਹਾਂ ਨੂੰ ਸੀਨੀਅਰ ਸਿਟੀਜ਼ਨ ਵਿਅਕਤੀਆਂ ਦੀਆਂ ਸਮੱਸਿਆਵਾਂ ਤੋ ਜਾਣੂ ਕਰਵਾਇਆ ਗਿਆ। ਜਿਲ੍ਹਾਂ ਸਮਾਜਿਕ ਸੁਰਖਿਆ ਅਫਸਰ ਨੇ ਸੀਨੀਅਰ ਸਿਟੀਜ਼ਨ ਦੀਆਂ ਸੱਮਸਿਆਵਾਂ ਨੂੰ ਜਿਲ੍ਹਾਂ ਪਧੱਰੀ ਕਮੇਟੀ ਦੇ ਸਹਯੋਗ ਨਾਲ ਜਲਦ ਹੱਲ ਕਰਨ ਦਾ ਭਰੋਸਾ ਦਿੱਤਾ । ਇਸ ਮੌਕੇ ਤੇ ਜਿਲ੍ਹਾਂ ਪਧੱਰੀ ਕਮੇਟੀ ਮੈਂਬਰ ਜਰਨੈਲ ਸਿੰਘ ਧੀਰ ਸਟੇਟਵਾਰਡੀ, ਕੁਲਦੀਪ ਸਿੰਘ ਪੱਤੀ ਸਟੇਟਵਾਰਡੀ, ਮੱਧੂ ਸ਼ਰਮਾ, ਤਜਿੰਦਰ ਕੌਰ, ਸੁਰਿੰਦਰ ਕੁਮਾਰ, ਸੁਖਵਿੰਦਰ ਸਿੰਘ ਤੋਂ ਇਲਾਵਾ ਸੀਨੀਅਰ ਸਿਟੀਜ਼ਨ ਭਲਾਈ ਕਮੇਟੀ ਦੇ ਮੈਂਬਰ ਹਾਜਰ ਸਨ ।



# ਉਸਾਰੀ ਕਿਰਤੀ ਰਜਿਸਟ੍ਰੇਸ਼ਨ ਰੀਨਿਊ ਕਰਨ ਸਮੇਂ ਗ੍ਰੇਸ ਪੀਰੀਅਡ ਦਾ ਅੰਸ਼ਦਾਨ ਅਤੇ ਲੇਟ ਫੀਸ ਵੀ ਜਮਾਂ ਕਰਵਾਈ ਜਾਵੇ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)** ਨੈਸ਼ਨਲ ਲੇਬਰ ਆਰਗਨਾਈਜੇਸ਼ਨ (ਐੱਨ ਐਲ ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਅਵਾਰਡੀ ਨੇ ਦੱਸਿਆ ਕਿ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਦੀ ਮਜ਼ਦੂਰਾਂ ਦੀ ਰਜਿਸਟ੍ਰੇਸ਼ਨ ਅਤੇ ਭਲਾਈ ਸਕੀਮਾਂ ਦੇ ਆਨ ਲਾਈਨ ਪੋਰਟਲ ਦੀ ਵੈਬਸਾਈਟ ਜਿੱਥੇ ਅਕਸਰ ਬੰਦ ਰਹਿੰਦੀ ਹੈ ਉੱਥੇ ਖਾਮੀਆਂ ਭਰਪੂਰ ਵੀ ਹੈ। ਇਸ ਵਿੱਚ ਰਜਿਸਟਰਡ ਉਸਾਰੀ ਕਿਰਤੀਆਂ ਦੇ ਲੇਬਰ ਕਾਰਡ (ਰਜਿਸਟ੍ਰੇਸ਼ਨ) ਰੀਨਿਊ ਕਰਨ ਲਈ ਅਪਲਾਈ ਕਰਨ ਸਮੇਂ ਗ੍ਰੇਸ ਪੀਰੀਅਡ ਦਾ 10/- ਰੁ ਮਾਸਿਕ ਅੰਸ਼ਦਾਨ ਅਤੇ 5/-ਰੂ ਮਾਸਿਕ ਲੇਟ ਫੀਸ ਜਮਾਂ ਨਹੀਂ ਹੋ ਰਹੀ। ਜਦਕਿ ਸਿਰਫ਼ ਇਕ ਸਾਲ ਦਾ ਅੰਸ਼ਦਾਨ 120/-ਰੁ ਹੀ ਜਮਾਂ ਹੋ ਰਿਹਾ ਹੈ। ਇਸ ਨਾਲ ਭਵਿੱਖ ਵਿੱਚ ਉਸਾਰੀ ਕਿਰਤੀ ਲਾਭਪਾਤਰੀਆਂ ਨੂੰ ਭਲਾਈ ਸਕੀਮਾਂ ਦਾ ਲਾਭ ਲੈਣ ਵਿੱਚ ਬਹੁਤ ਵੱਡੀ ਰੁਕਾਵਟ ਖੜ੍ਹੀ ਹੋ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਉਸਾਰੀ ਕਿਰਤੀਆਂ ਦੀਆਂ ਵਜ਼ੀਫਾ, ਸ਼ਗਨ ਸਕੀਮ 'ਤੇ ਦਾਹ ਸੰਸਕਾਰ ਅਤੇ ਅੰਤਿਮ ਕਿਰਿਆ ਕਰਮ ਆਦਿ



ਵੱਖ ਵੱਖ ਭਲਾਈ ਸਕੀਮਾਂ ਦੀਆਂ ਅਰਜ਼ੀਆਂ ਅਪਲਾਈ ਕਰਨ ਉਪਰੰਤ ਉਨ੍ਹਾਂ ਦਾ ਸਟੇਟਸ ਚੈੱਕ ਕਰਨ ਸਮੇਂ ਸਕਰੀਨ ਉੱਤੇ ਸਬੰਧਤ ਮੈਂਬਰਾਂ ਦੇ ਨਾਮ ਨਹੀਂ ਹੁੰਦੇ। ਜਿਸ ਕਾਰਨ ਵੀ ਲਾਭਪਾਤਰੀਆਂ ਨੂੰ ਬਹੁਤ ਪ੍ਰੇਸ਼ਾਨੀ ਹੁੰਦੀ ਹੈ। ਜੱਥੇਬੰਦੀ ਦੇ ਕਨਵੀਨਰ ਬਲਦੇਵ ਭਾਰਤੀ ਨੇ ਭਗਵੰਤ ਸਿੰਘ ਮਾਨ ਮੁੱਖ ਮੰਤਰੀ-ਕਮ-ਚੇਅਰਮੈਨ ਪੰਜਾਬ ਬਿਲਡਿੰਗ ਐਂਡ ਅਦਰ ਕੰਸਟ੍ਰਕਸ਼ਨ ਵਰਕਰਜ਼ ਵੈੱਲਫੇਅਰ ਬੋਰਡ ਅਤੇ ਤਰੁਨਪ੍ਰੀਤ ਸਿੰਘ ਸੌਂਦ ਕਿਰਤ ਮੰਤਰੀ ਪੰਜਾਬ ਪਾਸੋਂ ਮੰਗ ਕੀਤੀ ਕਿ ਉਸਾਰੀ ਕਿਰਤੀਆਂ ਦੀ ਰਜਿਸਟ੍ਰੇਸ਼ਨ ਰੀਨਿਊ ਕਰਨ ਸਮੇਂ ਗ੍ਰੇਸ ਪੀਰੀਅਡ ਦਾ ਅੰਸ਼ਦਾਨ ਅਤੇ ਲੇਟ ਫੀਸ ਵੀ ਜਮਾਂ ਹੋਵੇ ਤਾਂ ਜੋ ਕਿਰਤੀਆਂ ਨੂੰ ਭਵਿੱਖ ਵਿੱਚ ਭਲਾਈ ਸਕੀਮਾਂ ਲੈਣ ਵਿੱਚ ਕੋਈ ਸਮੱਸਿਆ ਨਾ ਆਵੇ। ਇਸ ਤੋਂ ਇਲਾਵਾ ਭਲਾਈ ਸਕੀਮਾਂ ਦੀਆਂ ਅਪਲਾਈ ਅਰਜ਼ੀਆਂ ਸਬੰਧੀ ਸਕਰੀਨ ਵਿੱਚ ਸਬੰਧਤ ਮੈਂਬਰਾਂ ਦੇ ਨਾਮ ਹੋਣ ਦੀ ਵਿਵਸਥਾ ਵੀ ਕੀਤੀ ਜਾਵੇ।

# ਆਪ ਤੋਂ ਨਿਰਾਸ਼ ਹੋ ਕੇ ਪਾਰਟੀ ਛੱਡ ਕੇ ਪੰਜਾਬ ਦੀ ਭਲਾਈ ਲਈ ਕਾਂਗਰਸ ਦਾ ਸਾਥ ਦੇ ਰਹੇ ਹਾਂ - ਰਹੀਲ-ਕਟੋਚ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਆਮ ਆਦਮੀ ਪਾਰਟੀ ਪੰਜਾਬ ਅਤੇ ਪੰਜਾਬੀਆਂ ਦੇ ਹਿੱਤਾਂ ਦੀ ਰਾਖੀ ਕਰਨ ਵਿੱਚ ਨਾਕਾਮ ਰਹਿਣ ਕਾਰਨ ‘ਆਪ’ ਨਾਲ ਜੁੜੇ ਕਈ ਵਰਕਰਾਂ ਨੇ ਸੂਬੇ ਦੇ ਹਿੱਤ ਵਿੱਚ ਪਾਰਟੀ ਛੱਡ ਕੇ ਕਾਂਗਰਸ ਵਿੱਚ ਸ਼ਾਮਲ ਹੋਣਾ ਸ਼ੁਰੂ ਕਰ ਦਿੱਤਾ ਹੈ। ਇਹ ਗੱਲ ਸ਼ਹਿਰੀ ਕਾਂਗਰਸ ਦੇ ਪ੍ਰਧਾਨ ਨਵਪ੍ਰੀਤ ਰਹੀਲ ਅਤੇ ਐਸਸੀ ਵਿਭਾਗ ਦੇ ਚੇਅਰਮੈਨ ਗੁਰਦੀਪ ਕਟੋਚ ਨੇ ‘ਆਪ’ ਛੱਡ ਕੇ ਸਾਥੀਆਂ ਸਮੇਤ ਕਾਂਗਰਸ ਵਿੱਚ ਸ਼ਾਮਲ ਹੋਏ ਸੁਰਜੀਤ ਸਿੰਘ ਰਿੰਕੂ ਦਾ ਸਵਾਗਤ ਕਰਦਿਆਂ ਕਹੀ। ਇਸ ਦੌਰਾਨ ਰਿੰਕੂ ਦੇ ਨਾਲ ਗਗਨਦੀਪ ਰਹੀਮਪੁਰ, ਭੁਪਿੰਦਰ ਸਿੰਘ, ਮਨਜੀਤ ਸਿੰਘ ਆਦਿ ਵੀ ਕਾਂਗਰਸ ਵਿੱਚ ਸ਼ਾਮਲ ਹੋਏ। ਇਸ ਮੌਕੇ ਸ੍ਰੀ ਰਹੀਲ ਅਤੇ ਕਟੋਚ ਨੇ ਸਾਰਿਆਂ ਦਾ ਕਾਂਗਰਸ ਪਾਰਟੀ



ਵਿੱਚ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਜਨਤਾ ਅਤੇ ਪਾਰਟੀ ਦੇ ਵਲੰਟੀਅਰਾਂ ਨਾਲ ਕੀਤੇ ਵਾਅਦਿਆਂ ਨੂੰ ਪੂਰਾ ਕਰਨ ਵਿੱਚ ਪੂਰੀ ਤਰ੍ਹਾਂ ਨਾਕਾਮ ਰਹੀ ਹੈ। ਇਸ ਕਾਰਨ ‘ਆਪ’ ਦੇ ਵਲੰਟੀਅਰ ਵੀ ਆਪਣੇ ਆਪ ਨੂੰ ਠੱਗਿਆ ਮਹਿਸੂਸ ਕਰ ਰਹੇ ਹਨ ਅਤੇ ਲੋਕਾਂ ਵਿੱਚ ਨਮੋਸ਼ੀ ਝੱਲ ਰਹੇ ਹਨ। ਇਸ ਲਈ ਕਾਂਗਰਸ ਨੂੰ ਇਸ ਦੇ ਬਿਹਤਰ ਰੂਪ ਵਿਚ ਦੇਖ ਕੇ ਉਹ ਪੰਜਾਬ ਅਤੇ ਪੰਜਾਬੀਆਂ ਦੀ ਬਿਹਤਰੀ ਲਈ ਇਸ ਵਿਚ ਸ਼ਾਮਲ ਹੋਣ ਲਈ ਅੱਗੇ ਆ ਰਹੇ ਹਨ। ਕਿਉਂਕਿ ਪਿਛਲੀ ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਉਨ੍ਹਾਂ ਸਕੀਮਾਂ 'ਤੇ ਹੀ ਕੰਮ ਹੋਇਆ ਹੈ, ਜਿਨ੍ਹਾਂ ਦੇ ਨੀਂਹ ਪੱਥਰ ਰੱਖੇ ਗਏ ਸਨ ਅਤੇ ਫੰਡ ਵੀ ਜਾਰੀ ਕੀਤੇ ਗਏ ਸਨ। ਜਦ ਕਿ ਸੂਬੇ ਦੀ 'ਆਪ' ਸਰਕਾਰ ਨੇ ਪੂਰੇ ਪੰਜਾਬ ਦੇ ਨਾਲ-ਨਾਲ ਹੁਸ਼ਿਆਰਪੁਰ 'ਚ ਵਿਕਾਸ ਦੇ ਨਾਂ 'ਤੇ ਇਕ ਇੱਟ ਵੀ ਨਹੀਂ ਰੱਖੀ। ਇਸ ਮੌਕੇ ਸਾਬਕਾ ਸਰਪੰਚ ਸੋਢੀ ਰਾਮ, ਅਭਿਸ਼ੇਕ ਕੌਸ਼ਲ, ਮਨਿੰਦਰਪਾਲ, ਦਵਿੰਦਰ ਕੁਮਾਰ, ਜਸਵਿੰਦਰ ਕੁਮਾਰ, ਦਿਲਬਾਗ ਸਿੰਘ, ਕੁਲਵਿੰਦਰ ਕਟੋਚ, ਬਲਵਿੰਦਰ ਸਿੰਘ, ਦਲਜੀਤ ਕੁਮਾਰ, ਸੁਰੇਸ਼ ਖੋਸਲਾ ਅਤੇ ਹੋਰ ਕਾਂਗਰਸੀ ਆਗੂ ਹਾਜ਼ਰ ਸਨ।

## ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦਾ ਜਨਮ ਦਿਨ ਖੋਥੜਾ ਵਿਖੇ ਮਨਾਇਆ ਗਿਆ



**ਬੰਗਾ (ਚਰਨਜੀਤ ਸੱਲ੍ਹਾ )** ਬਾਮਸੇਫ ਡੀ ਐਸ ਫੋਰ ਤੇ ਬਹੁਜਨ ਸਮਾਜ ਪਾਰਟੀ ਦੇ ਸੰਸਥਾਪਕ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮਦਿਨ ਪਿੰਡ ਖੋਥੜਾਂ ਵਿਖੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਮਨਾਇਆ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਨੇ ਸਾਹਿਬ ਕਾਂਸ਼ੀ ਰਾਮ ਜੀ ਦੇ ਜਨਮਦਿਨ ਦੀਆਂ ਦੇਸ਼ ਵਿਦੇਸ਼ ਵਾਸੀਆਂ ਨੂੰ ਵਧਾਈ ਦਿੰਦਿਆਂ ਆਖਿਆ ਬਾਬਾ ਸਾਹਿਬ ਡਾ ਅੰਬੇਦਕਰ ਜੀ ਸਾਹਿਬ ਕਾਂਸ਼ੀ ਰਾਮ ਜੀ ਦੇ ਸੁਪਨਿਆਂ ਦਾ ਭਾਰਤ ਬਣਾਉਣ ਲਈ ਸੰਕਲਪ ਲੈਣ ਦਾ ਸੱਦਾ ਦਿੱਤਾ। ਇਸ ਮੌਕੇ ਅਸ਼ੋਕ ਕੁਮਾਰ ਖੋਥੜਾ ਬਸਪਾ ਉਪ ਪ੍ਰਧਾਨ ਹਲਕਾ ਬੰਗਾ, ਗੁਰਦੇਵ ਕੌਰ ਸਾਬਕਾ ਉਪ ਚੇਅਰਮੈਨ ਬੰਗਾ, ਜਸਵਿੰਦਰ ਕੌਰ ਸਾਬਕਾ ਸਰਪੰਚ,ਚਾਦੀ ਰਾਮ,ਡਾ ਮੋਹਣ ਬੱਧਣ ਅਤੇ ਬਹੁਤ ਸਾਰੇ ਪਾਰਟੀ ਵਰਕਰ ਹਾਜ਼ਰ ਸਨ।

## ਹਨੇਰੇ ਦੀ ਜ਼ਿੰਦਗੀ ਨੂੰ ਰੌਸ਼ਨ ਕਰਨਾ ਸਭ ਤੋਂ ਵੱਡਾ ਦਾਨ ਹੈ - ਡਾ: ਮਨਪ੍ਰੀਤ ਕੌਰ ਐਸ.ਐਮ.ਓ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਟਰੀ ਆਈ ਬੈਂਕ ਅਤੇ ਕੋਰਨੀਅਲ ਟਰਾਂਸਪਲਾਂਟੇਸ਼ਨ ਸੁਸਾਇਟੀ ਵੱਲੋਂ ਪ੍ਰਧਾਨ ਸੰਜੀਵ ਅਰੋੜਾ ਅਤੇ ਚੇਅਰਮੈਨ ਜੇ.ਬੀ.ਬਹਿਲ ਦੀ ਅਗਵਾਈ ਹੇਠ ਅੱਖਾਂ ਦੇ ਮਾਹਿਰ ਡਾ: ਮਨਪ੍ਰੀਤ ਕੌਰ ਨੂੰ ਐੱਸ.ਐੱਮ.ਓ. ਜੋ ਪਹਿਲਾਂ ਸਿਵਲ ਹਸਪਤਾਲ ਵਿੱਚ ਸੇਵਾ ਨਿਭਾਅ ਰਿਹਾ ਸੀ। ਇਸ ਮੌਕੇ ਪ੍ਰਧਾਨ ਸੰਜੀਵ ਅਰੋੜਾ ਨੇ ਡਾ: ਮਨਪ੍ਰੀਤ ਕੌਰ ਨੂੰ ਸੁਸਾਇਟੀ ਦੇ ਕੰਮਾਂ ਬਾਰੇ ਵਿਸਥਾਰਪੂਰਵਕ ਜਾਣਕਾਰੀ ਦਿੰਦਿਆਂ ਦੱਸਿਆ ਕਿ ਹੁਣ ਤੱਕ 4100 ਤੋਂ ਵੱਧ ਲੋਕ ਜੋ ਹਨੇਰੇ ਦੀ ਜ਼ਿੰਦਗੀ ਜੀਅ ਰਹੇ ਸਨ, ਨੂੰ ਸੁਸਾਇਟੀ ਵੱਲੋਂ ਨਵੀਆਂ ਅੱਖਾਂ ਮੁਫ਼ਤ ਦਿੱਤੀਆਂ ਜਾ ਚੁੱਕੀਆਂ ਹਨ ਅਤੇ ਹੁਣ ਉਹ



ਇਸ ਖ਼ੂਬਸੂਰਤ ਸੰਸਾਰ ਨੂੰ ਦੇਖ ਰਹੇ ਹਨ। ਸ੍ਰੀ ਅਰੋੜਾ ਨੇ ਦੱਸਿਆ ਕਿ ਆਪ੍ਰੇਸ਼ਨ ਤੋਂ ਬਾਅਦ ਮਰੀਜ਼ ਨੂੰ 6 ਮਹੀਨੇ ਤੱਕ ਦਵਾਈਆਂ ਮੁਫ਼ਤ ਦਿੱਤੀਆਂ ਜਾਂਦੀਆਂ ਹਨ ਤਾਂ ਜੋ ਉਹ ਆਪਣੀਆਂ ਅੱਖਾਂ ਦੀ ਚੰਗੀ ਦੇਖਭਾਲ ਕਰ ਸਕੇ। ਪੈਸੇ ਦੀ ਘਾਟ ਕਾਰਨ ਜ਼ਿਆਦਾਤਰ ਮਰੀਜ਼ ਦਵਾਈਆਂ ਖਰੀਦਣ ਤੋਂ ਅਸਮਰੱਥ ਕਿਉਂ ਹਨ। ਇਸ ਮੌਕੇ ਚੇਅਰਮੈਨ ਜੇ.ਬੀ.ਬਹਿਲ ਨੇ ਕਿਹਾ ਕਿ ਡਾ: ਮਨਪ੍ਰੀਤ ਕੌਰ ਨੇ ਇਸ ਤੋਂ ਪਹਿਲਾਂ ਵੀ ਸੁਸਾਇਟੀ ਨੂੰ ਪੂਰਾ ਸਹਿਯੋਗ ਦਿੱਤਾ ਹੈ ਅਤੇ ਉਹ ਆਸ ਕਰਦੇ ਹਨ ਕਿ ਪਹਿਲਾਂ ਦੀ ਤਰ੍ਹਾਂ ਸੁਸਾਇਟੀ ਨੂੰ ਉਨ੍ਹਾਂ ਦਾ ਸਹਿਯੋਗ ਮਿਲਦਾ ਰਹੇਗਾ। ਸ਼੍ਰੀ ਬਹਿਲ ਨੇ ਦੱਸਿਆ ਕਿ ਜਦੋਂ ਵੀ ਕੋਈ ਮਰੀਜ ਅੱਖਾਂ ਦੇ ਚੈਕਅੱਪ ਲਈ ਡਾ: ਮਨਪ੍ਰੀਤ ਕੌਰ ਕੋਲ ਆਉਂਦਾ ਸੀ ਤਾਂ ਚੈਕਅੱਪ ਤੋਂ ਬਾਅਦ ਜੇਕਰ ਮਰੀਜ਼ ਕੋਰਨੀਅਲ ਬਲਾਇੰਡੇਸ ਤੋਂ ਪੀੜਤ ਹੁੰਦਾ ਸੀ ਤਾਂ ਉਹ ਤੁਰੰਤ ਸੁਸਾਇਟੀ ਨਾਲ ਸੰਪਰਕ ਕਰਕੇ ਮਰੀਜ਼ ਦੀ ਮਦਦ ਕਰਦੇ ਸਨ, ਜਿਸ ਦਾ ਜਲਦੀ ਹੀ ਸੁਸਾਇਟੀ ਵੱਲੋਂ ਆਪ੍ਰੇਸ਼ਨ ਕਰਵਾ ਦਿੱਤਾ ਜਾਂਦਾ ਹੈ। ਡਾ: ਮਨਪ੍ਰੀਤ ਕੌਰ ਨੇ ਸੁਸਾਇਟੀ ਦੇ ਕਾਰਜਾਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਸਮਾਜ ਜੋ ਅੰਨ੍ਹੇਪਣ ਨੂੰ ਦੂਰ ਕਰਨ ਲਈ ਯਤਨਸ਼ੀਲ ਹੈ। ਉਹ ਸ਼ਲਾਘਾਯੋਗ ਹੈ ਅਤੇ ਉਨ੍ਹਾਂ ਕਿਹਾ ਕਿ ਕਿਸੇ ਦੇ ਹਨੇਰੇ ਜੀਵਨ ਵਿੱਚ ਰੌਸ਼ਨੀ ਭਰਨਾ ਸਭ ਤੋਂ ਵੱਡਾ ਪੁੰਨ ਦਾ ਕੰਮ ਹੈ। ਉਨ੍ਹਾਂ ਹਰ ਸੰਭਵ ਸਹਿਯੋਗ ਦਾ ਭਰੋਸਾ ਵੀ ਦਿੱਤਾ। ਇਸ ਮੌਕੇ ਮਦਨ ਲਾਲ ਮਹਾਜਨ, ਵਿਜੇ ਅਰੋੜਾ, ਜਸਵੀਰ ਕੰਵਰ, ਅਸ਼ਵਨੀ ਦੱਤਾ ਆਦਿ ਹਾਜ਼ਰ ਸਨ।

## ਪੇਂਡੂ ਮਜਦੂਰ ਯੂਨੀਅਨ ਦੇ ਆਗੂ ਮਰਹੂਮ ਦੇਵ ਰਾਜ ਕਰੀਹਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਅੱਜ ਪਿੰਡ ਕਰੀਹਾ ਦੇ ਗੁਰਦੁਆਰਾ ਸਾਹਿਬ ਵਿਖੇ ਪੇਂਡੂ ਮਜ਼ਦੂਰ ਯੂਨੀਅਨ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਾਬਕਾ ਸਕੱਤਰ ਮਰਹੂਮ ਦੇਵ ਰਾਜ ਕਰੀਹਾ ਨੂੰ ਸ਼ਰਧਾਂਜਲੀਆਂ ਭੇਂਟ ਕੀਤੀਆਂ ਗਈਆਂ। ਇਸ ਮੌਕੇ ਸੰਬੋਧਨ ਕਰਦਿਆਂ ਸੀ.ਪੀ.ਆਈ (ਐਮ. ਐਲ) ਨਿਊਡੈਮੋਕ੍ਰੇਸੀ ਪੰਜਾਬ ਦੇ ਸੀਨੀਅਰ ਆਗੂ ਕਾਮਰੇਡ ਦਰਸ਼ਨ ਸਿੰਘ ਖਟਕੜ ਅਤੇ ਕਾਮ-ਰੇਡ ਕੁਲਵਿੰਦਰ ਸਿੰਘ ਵੜੈਚ ਨੇ ਕਿਹਾ ਕਿ ਕਾਮਰੇਡ ਦੇਵ ਰਾਜ ਕਰੀਹਾ ਉਮਰ ਭਰ ਉਹਨਾਂ ਦੀ ਪਾਰਟੀ ਨਾਲ ਜੁੜੇ ਰਹੇ।ਉਨ੍ਹਾਂ ਦੀ







ਅਗਵਾਈ ਵਿੱਚ ਪਿੰਡ ਕਰੀਹਾ ਦੇ ਮਜ਼ਦੂਰਾਂ ਲਈ ਸਾਲ 1996 ਵਿੱਚ ਕਲੋਨੀਆਂ ਦਾ ਘੋਲ ਲੜਿਆ ਗਿਆ। ਜਿਸ ਵਿੱਚ ਕਰੀਹਾ ਦੇ ਮਜ਼ਦੂਰਾਂ ਦੀ ਜਿੱਤ ਹੋਈ ਅਤੇ ਕਲੋਨੀਆਂ ਸਾਲ 1999 ਵਿੱਚ ਮਜਦੂਰਾਂ ਨੂੰ ਮਿਲ ਗਈਆਂ। ਇਸ ਘੋਲ ਵਿੱਚ ਉਹ ਅਡੋਲ ਹੋਕੇ ਲੜੇ। ਇਹ ਘੋਲ ਪੂਰੇ ਤਿੰਨ ਸਾਲ ਚੱਲਿਆ। ਪਿੰਡ ਕਰੀਹਾ ਦੇ ਦਲਿਤਾਂ ਨੂੰ ਕਰੀਬ ਤਿੰਨ ਏਕੜ ਜਮੀਨ ਮਕਾਨ ਬਣਾਉਣ ਲਈ ਮਿਲੀ ਸੀ। 1996 ਵਿੱਚ ਪਿੰਡ ਦੇ ਧਨਾਢ ਚੌਧਰੀਆਂ ਨੇ ਮਜਦੂਰਾਂ ਕੋਲੋਂ ਇਹ ਜਮੀਨ ਵਾਪਸ ਲੈਣ ਦੀ ਕੋਸ਼ਿਸ਼ ਕੀਤੀ। ਕਈ ਤਰ੍ਹਾਂ ਦੇ ਹੱਥਕੰਡੇ ਵਰਤੇ ਗਏ ਪਰ ਉਹ ਮਜਦੂਰਾਂ ਕੋਲੋਂ ਇਹ ਜਮੀਨ ਨਾ ਖੋਹ ਸਕੇ। ਇਸ ਘੋਲ ਦੀ ਮਜਬੂਤੀ ਅਤੇ ਮਜਦੂਰਾਂ ਦੀ ਏਕਤਾ ਸਦਕਾ ਧਨਾਢ ਚੌਧਰੀਆਂ ਨੂੰ ਮਜਦੂਰਾਂ ਅੱਗੇ ਹਥਿਆਰ ਸੁੱਟਣੇ ਪਏ। ਉਹਨਾਂ ਕਿਹਾ ਕਿ ਇਸ ਘੋਲ ਕਾਰਨ ਅਤੇ ਮਜਦੂਰਾਂ ਦੇ ਹਿੱਤਾਂ ਲਈ ਲੜੇ ਗਏ ਹੋਰ ਸੰਘਰਸ਼ਾਂ ਕਾਰਨ ਦੇਵ ਰਾਜ ਕਰੀਹਾ ਨੂੰ ਸਦਾ ਯਾਦ ਰੱਖਿਆ ਜਾਵੇਗਾ। ਉਹਨਾਂ ਕਿਹਾ ਕਿ ਦੇਵ ਰਾਜ ਕਰੀਹਾ ਕਾਫੀ ਸਮੇਂ ਤੋਂ ਗੁਰਦਿਆਂ ਦੀ ਬਿਮਾਰੀ ਤੋਂ ਪੀੜ੍ਹਤ ਸਨ ਅਤੇ 9 ਮਾਰਚ ਨੂੰ ਉਹਨਾਂ ਦਾ ਦੇਹਾਂਤ ਹੋ ਗਿਆ ਸੀ। ਇਸ ਤੋਂ ਪਹਿਲਾਂ ਉਨ੍ਹਾਂ ਦੇ ਇਕਲੋਤੇ ਪੁੱਤਰ ਸਰਬਜੀਤ ਸਾਬੀ ਦੀ ਕੈਂਸਰ ਕਾਰਨ ਮੌਤ ਹੋ ਗਈ ਸੀ, ਜਿਸ ਦਾ ਉਨ੍ਹਾਂ ਦੇ ਮਨ ਵਿੱਚ ਵੱਡਾ ਦੁੱਖ ਸੀ। ਇਸ ਮੌਕੇ ਮੰਚ ਸੰਚਾਲਨ ਹਰੀ ਰਾਮ ਰਸੂਲਪੁਰੀ ਨੇ ਕੀਤਾ।

## ਸਾਡੇ ਸਿਆਸੀ ਆਗੂਆਂ ਨੇ

ਦੇਸ਼ ਦੀ ਚੜ੍ਹਦੀ ਉਮਰ ਦੀ ਸ਼ਕਤੀ ,
ਪੁੱਠੇ ਰਸਤੇ ਪਾ ਦਿੱਤੀ ।
ਕੁੱਝ ਤਾਂ ਨਸ਼ਿਆਂ ਦੇ ਵਿੱਚ ਲਾ 'ਤੀ ,
ਤੇ ਕੁੱਝ ਬਾਹਰ ਭਜਾ ਦਿੱਤੀ।
ਆਪਣੇ ਧੀਆਂ ਪੁੱਤਰ ਬਣਾ ਲਏ ,
ਮਾਲਕ ਅਪਣੀ ਕੁਰਸੀ ਦੇ ;
ਬਾਕੀ ਜਨਤਾ ਸਸਤੇ ਭਾਅ ਦੇ ,
ਆਟੇ ਦਾਲ਼ 'ਤੇ ਲਾ ਦਿੱਤੀ ।



**ਮੂਲ ਚੰਦ ਸ਼ਰਮਾ**
**ਪ੍ਰਧਾਨ, ਪੰਜਾਬੀ ਸਾਹਿਤ ਸਭਾ ਧੂਰੀ ਜਿਲ੍ਹਾ ਸੰਗਰੂਰ।**
9914836037

## ਅੱਜ ਕੱਲ

ਅੱਜ ਕੱਲ ਕਿੱਥੇ ਕਿਸੇ ਨੂੰ
ਕਿਸੇ ਨਾਲ ਕੋਈ ਪਿਆਰ ਹੈ ।
ਜਿੱਧਰ ਵੀ ਜਾਂਦੀ ਹੈ ਨਜ਼ਰ
ਤਕਰਾਰ ਹੀ ਤਕਰਾਰ ਹੈ।


ਕਦੋਂ ਦੇ ਜਾਏ ਧੋਖਾ ਕੋਈ
ਕਿਸੇ ਦਾ ਕੀ ਇਤਬਾਰ ਹੈ ।
ਜਿਧਰ ਵੀ ਨਜ਼ਰ ਦੌੜਾਓ
ਹੰਕਾਰ ਹੀ ਹੰਕਾਰ ਹੈ।

ਜਿਵੇਂ ਕਿਵੇਂ ਬਣ ਜਾਏ ਕੰਮ
ਸਭ ਦਾ ਇਹੋ ਹੀ ਵਿਚਾਰ ਹੈ ।
ਦੁੱਧ ਦਾ ਧੋਇਆ ਕੋਈ ਨਹੀਂ
ਇੱਕ ਤੋਂ ਇੱਕ ਵੱਧ ਮਕਾਰ ਹੈ।

ਹੁਕਮ ਚਲਾ ਰਿਹਾ ਹੈ ਹਰ ਕੋਈ
ਜਿਵੇਂ ਕਿ ਉਹੀ ਹੀ ਸਰਕਾਰ ਹੈ ।
ਤਸੱਲੀ ਤਾਂ ਕੋਈ ਹੁੰਦੀ ਨਹੀਂ
ਪੈਸਿਆਂ ਦਾ ਬੇਸ਼ਕ ਭਰਿਆ ਭੰਡਾਰ ਹੈ।

ਲੁਚੇ ਲਫੰਗੇ ਤਾਂ ਕਰਦੇ ਨੇ ਮੌਜ ਅੱਜ ਕੱਲ
ਸ਼ਰੀਫ ਬੰਦਿਆਂ ਲਈ ਤਾਂ ਹਵਾਲਾਤ ਹੈ ।
ਸਭ ਦਾ ਹਿਸਾਬ ਕਰੇਗਾ ਜਰੂਰ ਉਹੀ
ਉੱਤੇ ਬੈਠਾ ਜੋ ਵੱਡਾ ਕਰਤਾਰ ਹੈ।

ਅਸਲੀ ਸਾਧੂ ਸੰਤ ਤਾਂ ਮਿਲਦੇ ਹੀ ਨਹੀਂ
ਸਾਧੂਆਂ ਦੇ ਭੇਸ ਵਿੱਚ ਸ਼ੈਤਾਨਾਂ ਦੀ ਭਰਮਾਰ ਹੈ ।
ਆਓ ਚਲੀਏ ਸ਼ਰਨ ਵਿੱਚ ਉਸ ਦੀ ਹੀ
ਜੋ ਸਾਡੇ ਸਾਰਿਆਂ ਦਾ ਦਾਤਾ ਪਾਲਣਹਾਰ ਹੈ।



**ਪ੍ਰੋਫੈਸਰ ਸ਼ਾਮ ਲਾਲ ਕੌਸ਼ਲ**
**ਮੋਬਾਈਲ** 94 16 35 90 45
**ਰੋਹਤਕ** 12 40 01

## ਮਿਹਨਤਕਸ਼

ਇੱਕ ਮਿਹਨਤਕਸ਼ ਇਨਸਾਨ
ਦੀ ਮੈਂ ਤਸਵੀਰ ਲਿਖਾਂ
ਦਸਾਂ ਨੌਹਾਂ ਦੀ ਕਰ
ਕਮਾਈ ਨਿਸ਼ਕਪਟ ਰਹੇ
ਉਸ ਸੱਚੇ ਧੰਨਵਾਨ
ਦੀ ਮੈਂ ਤਸਵੀਰ ਲਿਖਾਂ
ਮਿੱਟੀ ਦੇ ਨਾਲ਼ ਮਿੱਟੀ
ਹੋ ਕੇ ਕਿਰਤ ਕਰੇ
ਉਸ ਸੱਚੀ ਕਿਰਤ ਪਹਿਚਾਣ
ਦੀ ਮੈਂ ਤਸਵੀਰ ਲਿਖਾਂ
ਪੈਰਾਂ ਵਿੱਚ ਫਟੀਆਂ ਵਿਆਈਆਂ
ਜ਼ਖ਼ਮੀ ਹੱਥ ਦੱਸਦੇ ਨੇ
ਉਸ ਰੂਹ ਤੋਂ ਜ਼ਿੰਦ ਕੁਰਬਾਨ
ਦੀ ਮੈਂ ਤਸਵੀਰ ਲਿਖਾਂ
ਕਪੜਿਆਂ ਵਿੱਚੋਂ ਮਹਿਕ
ਕਿਰਤ ਦੀ ਖੁਸ਼ਬੂ ਆਵੇ
ਉੱਤੇ ਕੁਦਰਤ ਮਿਹਰਬਾਨ
ਦੀ ਮੈਂ ਤਸਵੀਰ ਲਿਖਾਂ
ਭਾਵੇਂ ਹੋਵੇ ਗ਼ਰੀਬ
ਦਿਲੋਂ ਅਮੀਰ ਦਿਸੇ
ਐਸੇ ਕਦਰਦਾਨ
ਦੀ ਮੈਂ ਤਸਵੀਰ ਲਿਖਾਂ
ਅੰਨ ਦੇ ਵਿੱਚੋਂ ਕੁੜੀਆਂ
ਚਿੜੀਆਂ ਲਈ ਕੱਢਦਾ ਹੈ
ਉਸ ਸਜਦਾ ਕਰੇ ਜਹਾਨ
ਦੀ ਮੈਂ ਤਸਵੀਰ ਲਿਖਾਂ
ਸੋਹਣੀਆਂ ਸੂਰਤਾਂ ਲਾਇਕ
ਕਰਦੇ ਬੇਸ਼ੱਕ ਲੱਖਾਂ ਹੀ
ਬੱਲੀ ਉਸ ਰੱਬੀ ਫ਼ਰਮਾਨ
ਦੀ ਮੈਂ ਤਸਵੀਰ ਲਿਖਾਂ



**ਬੱਲੀ**
**ਮੋਬਾਈਲ** 8054135302

## ਚਿੱਟਾ

ਅੱਜ ਕੱਲ੍ਹ ਇਧਰ ਚਿੱਟਾ ਉਧਰ ਚਿੱਟਾ,

ਇਹ ਵਿਕਦਾ ਸ਼ਰੇਆਮ ਹੈ ਚਿੱਟਾ।

ਇੱਕ ਵਾਰੀ ਜੇ ਚਸਕਾ ਪੈ ਜੇ,

ਕਰ ਲੈਂਦਾ ਗੁਲਾਮ ਇਹ ਚਿੱਟਾ।

ਸਰਕਾਰ ਨੇ ਬੇਸ਼ੱਕ ਨੱਥ ਹੈ ਪਾਈ,

ਹੋਇਆ ਫਿਰੇ ਇਹ ਬੇਲਗਾਮ ਚਿੱਟਾ।

ਇੱਕ ਵਾਰੀ ਹੈ ਇਹ ਨਸ਼ਾ ਦਿੰਦਾ,

ਫਿਰ ਕਰ ਦਿੰਦਾ ਕੰਮ ਤਮਾਮ ਚਿੱਟਾ।

ਚਿੱਟੇ ਵਾਲਿਆਂ ਨੇ ਘਰ ਬਾਰ ਵੇਚ ਕੇ।

ਕਰਦੇ ਮਾਂ ਬਾਪ ਨੂੰ ਬਦਨਾਮ ਚਿੱਟਾ।

ਆਪ ਜੀ ਦਾ ਸ਼ੁਭ ਚਿੰਤਕ ਪਾਠਕ।

**ਡਾਕਟਰ ਨਰਿੰਦਰ ਭੱਪਰ ਝਬੇਲਵਾਲੀ।**
**ਜ਼ਿਲ੍ਹਾ ਸ਼੍ਰੀ ਮੁਕਤਸਰ ਸਾਹਿਬ ।**
6284145349

## ਨੋਟਿਸ

**ਸਾਰੇ ਲੇਖਕਾਂ ਨੂੰ ਬੇਨਤੀ ਹੈ ਕਿ ਆਪਣੀਆਂ ਰਚਨਾਵਾਂ ਨਾਲ ਆਪਣੀ ਅਤੇ ਸੰਬੰਧਿਤ ਫੋਟੋਆਂ ਜ਼ਰੂਰ ਭੇਜੋ, ਤਾਂ ਜੋ ਮੈਟਰ ਖਾਲੀ ਨਾ ਲੱਗੇ, ਧੰਨਵਾਦ ਜੀ।**

## 'ਕੀ ਬੋਲਾਂ?'

ਕੀ ਬੋਲਾਂ ਸਾਥੀਓ, ਲੀਡਰ ਆਪਣਾ ਜਗਾੜ ਲਗਾਉਂਦੇ ਨੇ।
ਇਹ ਸਤਾ ਦੇ ਭੁੱਖੇ ਕੁਰਸੀ ਖਾਤਰ ਹਰ ਹੀਲਾ ਅਪਨਾਉਂਦੇ ਨੇ।

ਗੁਰਬੱਤ ਮਾਰੇ ਭੁੱਖੇ ਮਰਦੇ, ਇਹ ਆਪਣਾ ਢੋਲ ਵਜਾਉਂਦੇ ਨੇ।
ਮਾਰੀ ਗਈ ਜ਼ਮੀਰ ਇਨ੍ਹਾਂ ਦੀ ਉਂਝ ਅੱਣਖੀ ਅਖਵਾਉਂਦੇ ਨੇ।

ਅਪਰਾਧ ਘੱਪਲੇ ਕਰਨਾ ਮੁੱਖ ਕਸਬ ਇਹਨਾਂ ਲੋਕਾਂ ਦਾ,
ਚੋਰ , ਉਚੱਕੇ, ਕਾਤਲ ਮਿਲ ਹਨੇਰ ਗੁਫ਼ਾ ਮੁਖ ਛਪਾਉਂਦੇ ਨੇ।

ਟਕਸਾਲੀ ਨੇਤਾ ਦੀ ਹੁਣ ਪ੍ਰੀਭਾਸ਼ਾ ਬਦਲੀ ਬਦਲੀ ਲਗਦੀ ਹੈ,
ਮਾਰ ਟਪੂਸੀ ਹੋਰ ਪਾਰਟੀ ਵੜਦੇ ਉਂਝ ਟਕਸਾਲੀ ਕਹਾਉਂਦੇ ਨੇ।

ਇਹ ਲੀਡਰ ਕਸਮਾਂ ਖਾਕੇ', " ਟੋਨੀ " ਝੱਟ ਹੀ ਮੁੱਕਰ ਜਾਂਦੇ ਨੇ,
ਇਹ ਦੇਸ਼ ਦੀ ਇਜ਼ਤ ਨਾਲ ਵੀ ਕਰ ਖਿਲਵਾੜ ਵਖਾਉਂਦੇ ਨੇ।



**ਰਾਮ ਪ੍ਰਕਾਸ਼ ਟੋਨੀ**
**ਜਨਰਲ ਸਕੱਤਰ ਪੰਜਾਬੀ ਸਾਹਿਤ ਸਭਾ**
**ਪਿੰਡ ਦੁਸਾਂਝ ਕਲਾਂ, ਜ਼ਿਲ੍ਹਾ ਜਲੰਧਰ**
**ਮੋਬਾਇਲ ਨੰਬਰ** 7696397240

## ਵਰੇਗੰਢ ਮੁਬਾਰਕ




**ਸਰਬਜੀਤ ਸਿੰਘ ਜੱਬਲ ਅਤੇ ਗੁਰਪਿੰਦਰ ਕੌਰ ਵਾਸੀ ਮਹੱਲਾ ਭਾਈਕਾ ਮਹਿਤਪੁਰ ਨੇ ਆਪਣੇ ਵਿਆਹ ਦੀ ਸਤਵੀਂ ਵਰੇਗੰਢ ਮਨਾਈ।**

# ਨਿਊਜ਼ੀਲੈਂਡ ਵਿੱਚ ਘਰਾਂ ਦੀ ਮਾਰਕੀਟ ਬਾਰੇ ਡਰ

ਮੈਨੂੰ ਅਕਸਰ ਤੁਹਾਡੇ ਫੋਨ ਆਉਂਦੇ ਰਹਿੰਦੇ ਹਨ ਜਿਸ ਵਿੱਚ ਤੁਸੀਂ ਆਪਣਾ ਘਰਾਂ ਦੀ ਮਾਰਕੀਟ ਬਾਰੇ ਡਰ ਸਾਂਝਾ ਕਰਦੇ ਹੋ ਅਤੇ ਤੁਸੀਂ ਬਹੁਤ ਸਾਰੇ ਪ੍ਰਸ਼ਨ ਪੁੱਛਦੇ ਹੋ । ਆਪਣੇ ਤਜ਼ਰਬੇ ਮੁਤਾਬਕ ਮੈਂ ਜਵਾਬ ਵੀ ਦੇ ਦਿੰਦਾ ਹਾਂ ।ਆਪ ਵਿੱਚੋਂ ਕਾਫੀ ਸੱਜਣ ਮੈਨੂੰ ਇਸ ਬਾਬਤ ਮਿਲਦੇ ਵੀ ਹਨ ਪਰ ਸਭ ਨੂੰ ਸਮੇਂ ਦੀ ਘਾਟ ਕਾਰਣ ਮਿਲ ਵੀ ਨਹੀਂ ਹੁੰਦਾ । ਹਰ ਵਾਰ ਨਵੇਂ ਵਿਅਕਤੀ ਦੇ ਆਉਣ ਤੇ ਮੈਨੂੰ ਉਹੀ ਜਵਾਬ ਵਾਰ ਵਾਰ ਦੁਹਰਾਉਣੇ ਪੈਂਦੇ ਹਨ । ਇਸ ਨੂੰ ਘੱਟ ਕਰਨ ਲਈ ਅਤੇ ਤੁਹਾਡਾ ਸਮਾਂ ਬਚਾਉਣ ਲਈ ਮੈਂ ਆਪਣੀ ਕਿਤਾਬ "ਹੋਮਲੈੱਸ ਤੋਂ ਮਲਟੀ-ਮਿਲੀਅਨੇਅਰ" ਲਿਖੀ ਹੈ ਤਾਂ ਕਿ ਤੁਸੀਂ ਕਿਤਾਬ ਖਰੀਦ ਕੇ ਘਰ ਵਿੱਚ ਹੀ ਪੜ੍ਹ ਸਕੋ ।

ਕਿਤਾਬ ਪੜ੍ਹਦਿਆਂ ਆਪਣੇ ਸਵਾਲ ਲਿਖਦੇ ਜਾਓ ਅਤੇ ਬਾਦ ਵਿੱਚ ਮੈਨੂੰ ਪੁੱਛ ਲਓ । ਬਿਨਾਂ ਕੋਈ ਪੈਸਾ ਲਏ ਤੋਂ ਉਨ੍ਹਾਂ ਸਵਾਲਾਂ ਦੇ ਜਵਾਬ ਦਿੱਤੇ ਜਾਣਗੇ ।

ਕਿਤਾਬ 4 ਹਫਤਿਆਂ ਵਿੱਚ ਦੋ ਵਾਰ ਸੋਲਡ ਆਉਟ (Sold Out) ਹੋ ਚੁੱਕੀ ਹੈ ਲ ਕਿਤਾਬ ਨੂੰ ਖਰੀਦਣ ਵਾਲੇ 90% ਦੇ ਕਰੀਬ ਨਿਊਜ਼ੀਲੈਂਡ ਵਾਸੀ ਹਨ ਅਤੇ ਉਨ੍ਹਾਂ ਕਿਤਾਬ ਪਸੰਦ ਵੀ ਬਹੁਤ ਕੀਤੀ ਹੈ ।




ਜੇਕਰ ਤੁਸੀਂ ਮੇਰਾ 26 ਸਾਲਾਂ ਦਾ ਘਰਾਂ ਦੇ ਖੇਤਰ ਦਾ ਤਜ਼ਰਬਾ ਪੜ੍ਹਨਾ ਚਾਹੁੰਦੇ ਹੋ ਤਾਂ ਕਿਤਾਬ ਖਰੀਦਣ ਲਈ ਸੰਪਰਕ ਕਰ ਸਕਦੇ ਹੋ । ਮੇਰਾ ਤਜ਼ਰਬਾ ਨਿਊਜ਼ੀਲੈਂਡ ਦੇ ਡਾਟਿਆਂ ਤੋਂ ਬਿਲਕੁਲ ਵੱਖਰਾ ਹੈ ਅਤੇ ਕਿਤਾਬ ਪੜ੍ਹਕੇ ਤੁਹਾਡੇ ਸਾਹਮਣੇ ਬਹੁਤ ਸਾਰੇ ਰੌਚਕ ਤੱਤ ਆਉਣਗੇ ਜਿਨ੍ਹਾਂ ਬਾਰੇ ਤੁਸੀਂ ਪਹਿਲਾਂ ਬਹੁਤ ਘੱਟ ਸੁਣਿਆ ਜਾਂ ਜਾਣਿਆ ਹੋਵੇਗਾ ।

ਕਿਤਾਬ ਵਿੱਚ ਇੱਕ ਜਾਂ ਦੋ ਹਜ਼ਾਰ ਡਾਲਰ ਬਣਾਉਣ ਦੀ ਗੱਲ ਨਹੀਂ ਹੈ, ਗੱਲ ਲੱਖਾਂ ਡਾਲਰ ਬਣਾਉਣ ਦੀ ਹੈ ਅਤੇ ਲੱਖਾਂ ਡਾਲਰਾਂ ਦੇ ਨੁਕਸਾਨ ਤੋਂ ਬਚਣ ਦੀ ਹੈ । ਦੂਜਿਆਂ ਦੀਆਂ ਗਲਤੀਆਂ ਤੋਂ ਸਿੱਖਣ ਵਾਲੇ ਲੋਕ ਵੱਧ ਕਾਮਯਾਬ ਹੁੰਦੇ ਹਨ ਕਿਉਂਕਿ ਉਹ ਖੁਦ ਉਹੀ ਗਲਤੀਆਂ ਨਹੀਂ ਕਰਦੇ । ਜ਼ਮੀਨੀ ਪੱਧਰ ਤੇ ਪਾਠਕਾਂ ਦੀ ਆਰਥਿਕ ਹਾਲਤ ਸੁਧਾਰਨ ਦੀ ਆਸ ਵਿੱਚ ।



**ਅਵਤਾਰ ਤਰਕਸ਼ੀਲ**
**ਨਿਊਜ਼ੀਲੈਂਡ**
**ਜੱਦੀ ਪਿੰਡ ਖੁਰਦਪੁਰ**
**(ਜਲੰਧਰ)**
**006421392147**

# ਵਧੀਆ ਸਾਹਿਤ ਸਿਰਜਣਾ ਲਈ ਅਧਿਐਨ ਜ਼ਰੂਰੀ: ਡਾ. ਭੀਮਇੰਦਰ ਸਿੰਘ







**ਭਵਾਨੀਗੜ੍ਹ (ਰਮੇਸ਼ਵਰ ਸਿੰਘ)** ਸਾਹਿਤ ਸਿਰਜਣਾ ਮੰਚ ਭਵਾਨੀਗੜ੍ਹ ਦਾ ਪਲੇਠਾ ਸਾਲਾਨਾ ਸਮਾਗਮ ਅਤੇ ਸਨਮਾਨ ਸਮਾਰੋਹ ਯਾਦਗਾਰੀ ਹੋ ਨਿਬੜਿਆ। ਇਹ ਸਮਾਗਮ ਮਾਸਟਰ ਕਰਤਾਰ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮੁੰਡੇ) ਭਵਾਨੀਗੜ੍ਹ ਵਿਖੇ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਭਰ ਵਿੱਚੋਂ ਨਾਮਵਰ ਸ਼ਾਇਰਾਂ ਨੇ ਹਾਜ਼ਰੀ ਲਵਾਈ। ਸਾਹਿਤ ਸਿਰਜਣਾ ਮੰਚ ਦੇ ਸਰਪ੍ਰਸਤ ਚਰਨ ਸਿੰਘ ਚੋਪੜਾ ਜੀ ਨੇ ਆਏ ਮਹਿਮਾਨਾਂ ਦਾ ਸਵਾਗਤ ਕੀਤਾ। ਸ਼ਹੀਦ ਭਗਤ ਸਿੰਘ ਨੂੰ ਸਮਰਪਿਤ ਇਸ ਸਮਾਗਮ ਦੀ ਪ੍ਰਧਾਨਗੀ ਡਾ. ਭੀਮਇੰਦਰ ਸਿੰਘ, ਡਾਇਰੈਕਟਰ ਵਰਲਡ ਪੰਜਾਬੀ ਸੈਂਟਰ ਪੰਜਾਬੀ ਯੂਨੀਵਰਸਿਟੀ ਪਟਿਆਲਾ ਵੱਲੋਂ ਕੀਤੀ ਗਈ। ਡਾ ਅਰਵਿੰਦਰ ਕੌਰ ਕਾਕੜਾ, ਮੀਤ ਪ੍ਰਧਾਨ ਸਾਹਿਤ ਅਕਾਦਮੀ ਲੁਧਿਆਣਾ ਨੇ ਮੁੱਖ ਮਹਿਮਾਨ ਦੇ ਤੌਰ ਤੇ ਸ਼ਿਰਕਤ ਕੀਤੀ। ਇਸ ਸਮਾਗਮ ਵਿੱਚ ਗੁਰਮੁਖੀ ਲਿਪੀ ਤੇ ਖੋਜਪੂਰਨ ਕੰਮ ਕਰਨ ਵਾਲ਼ੇ ਜੰਗ ਸਿੰਘ ਫੱਟੜ, ਮੂਲ ਚੰਦ ਸ਼ਰਮਾ, ਮੀਤ ਪ੍ਰਧਾਨ ਕੇਂਦਰੀ ਪੰਜਾਬੀ ਲੇਖਕ ਸਭਾ (ਰਜਿ), ਕਰਮ ਸਿੰਘ ਜਖਮੀ, ਪ੍ਰਧਾਨ ਮਾਲਵਾ ਲਿਖਾਰੀ ਸਭਾ ਸੰਗਰੂਰ, ਰਜਿੰਦਰ ਸਿੰਘ ਰਾਜਨ, ਸਕੱਤਰ ਕੇਂਦਰੀ ਪੰਜਾਬੀ ਲੇਖਕ ਸਭਾ, ਉੱਘੇ ਬਾਲ ਸਾਹਿਤਕਾਰ ਜਗਜੀਤ ਸਿੰਘ ਲੱਡਾ ਜੀ, ਨਵਦੀਪ ਮੁੰਡੀ, ਸਾਂਝਾ ਸਾਹਿਤਕ ਮੰਚ ਪਟਿਆਲਾ, ਅਰਵਿੰਦਰ ਕੌਰ ਸਾਬਕਾ ਸਰਪੰਚ ਪਿੰਡ ਫੱਗੂਵਾਲਾ, ਗੁਰਪ੍ਰੀਤ ਸਿੰਘ, ਪ੍ਰਧਾਨ ਉਡਾਨ ਫਾਊਂਡੇਸ਼ਨ (ਭਵਾਨੀਗੜ੍ਹ) ਅਤੇ ਲੋਕ ਕਵੀ ਸੰਤ ਰਾਮ ਉਦਾਸੀ ਜੀ ਦੀ ਸਪੁੱਤਰੀ ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਜੀ ਵੀ ਉਚੇ-ਚੇ ਤੌਰ ਤੇ ਪਹੁੰਚੇ। ਡਾ. ਭੀਮਿੰਦਰ ਸਿੰਘ ਜੀ ਨੇ ਆਪਣੇ ਪ੍ਰਧਾਨਗੀ ਭਾਸ਼ਣ ਵਿੱਚ ਬੋਲਦਿਆਂ ਕਿਹਾ ਕਿ ਵਧੀਆ ਸਾਹਿਤ ਸਿਰਜਣਾ ਲਈ ਸਾਹਿਤ ਦਾ ਅਧਿਐਨ ਬੇਹੱਦ ਜ਼ਰੂਰੀ ਹੈ ਅਤੇ ਸਾਨੂੰ ਭਗਤ ਸਿੰਘ ਦੇ ਵਿਚਾਰਾਂ ਦਾ ਹਾਣੀ ਬਣਨ ਅਤੇ ਉਸਦੇ ਸੁਪਨਿਆਂ ਦਾ ਦੇਸ ਸਿਰਜਣ ਲਈ ਤਕੜੇ ਅਤੇ ਇੱਕਜੁਟ ਹੋ ਕੇ ਕੰਮ ਕਰਨ ਦੀ ਲੋੜ ਹੈ। ਡਾ ਭੀਮਿੰਦਰ ਸਿੰਘ, ਡਾ. ਅਰਵਿੰਦਰ ਕੌਰ ਕਾਕੜਾ, ਪ੍ਰਿੰਸੀਪਲ ਇਕਬਾਲ ਕੌਰ ਉਦਾਸੀ ਅਤੇ ਸਮੁੱਚੇ ਪ੍ਰਧਾਨਗੀ ਮੰਡਲ ਵੱਲੋਂ ਸਾਹਿਤ ਸਿਰਜਣਾ ਮੰਚ ਵੱਲੋਂ ਪ੍ਰੋ ਦਲੀਪ ਕੌਰ ਟਿਵਾਣਾ ਗਲਪ ਪੁਰਸਕਾਰ ਲਈ ਸੁਖਵਿੰਦਰ ਪੱਪੀ, ਲੋਕ ਕਵੀ ਸੰਤ ਰਾਮ ਉਦਾਸੀ ਪੁਰਸਕਾਰ ਲਈ ਗੁਰਪਿਆਰ ਹਰੀ ਨੌ, ਪ੍ਰੋਫੈਸਰ ਅਨੂਪ ਵਿਰਕ ਕਵਿਤਾ ਪੁਰਸਕਾਰ ਲਈ ਮੀਨਾ ਮਹਿਰੋਕ ਅਤੇ ਨਿਸ਼ਾਨੇਬਾਜ਼ੀ ਵਿੱਚ ਰਾਸ਼ਟਰੀ ਪੱਧਰ ਤੇ ਪਹਿਲੀ ਪੁਜੀਸ਼ਨ ਹਾਸਿਲ ਕਰਨ ਲਈ ਅਨੰਤਵੀਰ ਸਿੰਘ ਸਪੁੱਤਰ ਸਰਦਾਰ ਗੁਰਦੀਪ ਸਿੰਘ ਫੱਗੂਵਾਲਾ ਨੂੰ ਸਨਮਾਨਿਤ ਕੀਤਾ ਗਿਆ। ਇਸ ਮੌਕੇ ਇੱਕ ਵਿਸ਼ਾਲ ਕਵੀ ਦਰਬਾਰ ਵੀ ਕਰਵਾਇਆ ਗਿਆ ਜਿਸ ਵਿੱਚ ਬਲਜਿੰਦਰ ਬਾਲੀ ਰੇਤਗੜ੍ਹ, ਕਰਨੈਲ ਸਿੰਘ ਬੀਂਬੜ, ਕੌਰ ਰਾਮਪੁਰੀ, ਅਨੋਖ ਸਿੰਘ ਵਿਰਕ, ਗੁਰਜੰਟ ਬੀਂਬੜ, ਸੁਖਦੇਵ ਪੇਂਟਰ ਧੂਰੀ, ਸਤਨਾਮ ਸਿੰਘ ਮੱਟੂ, ਸਰਬਜੀਤ ਸੰਗਰੂਰਵੀ, ਪੰਮੀ ਫੱਗੂਵਾਲੀਆ, ਉਮੇਸ਼ ਕੁਮਾਰ ਘਈ, ਸੁਖਵਿੰਦਰ ਕੌਰ ਸਿੱਧੂ,ਜਗਤਾਰ ਸਕਰੌਦੀ, ਰਣਜੀਤ ਆਜ਼ਾਦ ਕਾਂਜਲਾ, ਗੁਰਮੇਲ ਸਿੰਘ, ਬੀਰ ਸਿੰਘ, ਲੱਖੀ ਭਵਾਨੀਗੜ੍ਹ, ਮਨਜੋਤ ਸਿੰਘ,ਸਤੀਸ਼ ਕੁਮਾਰ, ਕਿਰਨਜੀਤ ਕੌਰ, ਬੇਅੰਤ ਕੌਰ, ਦੇਸ਼ ਭੂਸ਼ਣ, ਬਹਾਦਰ ਸਿੰਘ ਧੌਲਾ, ਮੁਲਖ ਰਾਜ ਲਹਿਰੀ, ਪਵਨ ਕੁਮਾਰ ਹੋਸੀ, ਬਲਜਿੰਦਰ ਸਿੰਘ ਬੱਲੀ ਈਲਵਾਲ, ਗੁਰਸੇਵਕ ਸਿੰਘ ਰਾਜਪੁਰਾ, ਗੁਰੀ ਚੰਦੜ, ਭਗਤ ਸਿੰਘ, ਦਲਜੀਤ ਕੌਰ, ਨਵਦੀਪ ਸਿੰਘ ਮੁੰਡੀ, ਮਨਦੀਪ ਕੌਰ, ਸੁਨੀਤਾ ਰਾਣੀ, ਸਵਾਤੀ ਸ਼ਰਮਾ, ਗੁਰਬਖਸ਼ੀਸ਼ ਸਿੰਘ, ਬਾਬਾ ਤਰਸੇਮ ਦਾਸ, ਜਗਿੰਦਰ ਪਾਲ ਬਰਾਸ ਸੁਖਵਿੰਦਰ ਸਮਾਣਾ ਵੀਰਇੰਦਰ ਘੰਗਰੌਲੀ ਮੀਤ ਸਕਰੌਦੀ , ਸੁਖਵਿੰਦਰ ਸਿੰਘ ਲੋਟੇ ਕਰਮਜੀਤ ਸਿੰਘ ਸਿੱਧੂ ,ਪਰਮ ਪਰਵਿੰਦਰ ਸਹਿਜੜਾ, ਪੈਵੀ ਧੰਜਲ, ਸੰਦੀਪ ਸਿੰਘ ਪੁਸ਼ਵਿੰਦਰ ਸਿੰਘ, ਪ੍ਰਕਾਸ਼ ਦੀਪ ਸਿੰਘ, ਗਿਆਨ ਸਿੰਘ ਅਤੇ ਗੁਰਿੰਦਰ ਸਿੰਘ ਨੇ ਆਪਣੀਆਂ ਸੱਜਰੀਆਂ ਰਚਨਾਵਾਂ ਨਾਲ ਪੂਰਾ ਰੰਗ ਬੰਨਿਆ। ਸਾਹਿਤ ਸਿਰਜਣਾ ਮੰਚ ਦੇ ਪ੍ਰਧਾਨ ਕੁਲਵੰਤ ਖਨੌਰੀ ਵੱਲੋਂ ਸਾਹਿਤਕ ਪੁਰਸਕਾਰ ਜੇਤੂਆਂ ਨੂੰ ਮੁਬਾਰਕਬਾਦ ਦਿੰਦਿਆਂ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ। ਮੰਚ ਸੰਚਾਲਨ ਸ਼ਸ਼ੀ ਬਾਲਾ ਜੀ ਵੱਲੋਂ ਕੀਤਾ ਗਿਆ।

# ਗੰਜਾਪਨ ਦੂਰ ਕਰਨ ਦੇ ਭਰਮ ਜਾਲ ਵਿਚ ਪੈਣ ਵਾਲੇ ਵਿਅਕਤੀਆਂ ਨਾਲ ਹਮਦਰਦੀ ਪ੍ਰਗਟਾਈ

**ਸੰਗਰੂਰ।** ਤਰਕਸ਼ੀਲ ਸੁਸਾਇਟੀ ਪੰਜਾਬ ਦੇ ਜੋਨ ਜਥੇਬੰਦਕ ਮੁਖੀ ਮਾਸਟਰ ਪਰਮਵੇਦ ਤੇ ਮੀਡੀਆ ਮੁਖੀ ਸੀਤਾ ਰਾਮ ਬਾਲਦ ਕਲਾਂ ਨੇ ਇੱਕ ਪ੍ਰੈੱਸ ਬਿਆਨ ਰਾਹੀ ਸੰਗਰੂਰ ਸ਼ਹਿਰ ਵਿੱਚ ਗੰਜਾਪਨ ਹਟਾਉਣ ਲਈ ਲੱਗੇ ਕੈਂਪ ਵਿੱਚ ਵਰਤੇ ਤੇਲ ਯੁਕਤ ਕੈਮੀਕਲ ਆਦਿ ਦੀ ਲਾਗ ਨਾਲ ਵਿਅਕਤੀਆਂ ਦੀਆਂ ਅੱਖਾਂ ਵਿੱਚ ਜਲਣ ਤੇ ਸੋਜਾ ਆਉਣ ਤੇ ਦੁਖ ਮਹਿਸੂਸ ਕਰਦਿਆਂ, ਸਾਰੇ ਲਾਗ ਪੀੜਿਤ ਲੋਕਾਂ ਨਾਲ ਹਮਦਰਦੀ ਤੇ ਤਰਸ ਦਾ ਪ੍ਰਗਟਾਵਾ

**ਤਰਕਸ਼ੀਲਾਂ ਵੱਲੋਂ ਲਾਈਲੱਗਤਾ ਤਿਆਗਣ ਦਾ ਸੁਨੇਹਾ**

ਕੀਤਾ ਹੈ। ਉਨ੍ਹਾਂ ਕਿਹਾ ਸੰਗਰੂਰ ਸ਼ਹਿਰ ਵਿਚ ਤਾਂ ਸਰਵਾਈਕਲ, ਪੀਲੀਆ, ਮਾਈਗ੍ਰੇਨ ਨੂੰ ਦੂਰ ਕਰਨ ਲਈ ਧਾਗੇ ਵੇਚਣ ਵਾਲਿਆਂ ਨੇ ਮਸ਼ਹੂਰੀ ਦੇ ਬੋਰਡ ਲਗਵਾਏ ਹੋਏ, ਲੋਕਾਂ ਨੂੰ ਸਿਹਤ / ਬੀਮਾਰੀਆਂ ਪ੍ਰਤੀ ਜਾਗਰੂਕ ਕਰਨ ਵਾਲਾ ਸਿਹਤ ਮਹਿਕਮਾ ਕੁੱਝ ਨਹੀਂ ਬੋਲ ਰਿਹਾ।ਲੋਕ ਤਾਂ ਇੰਨੇ ਅਣਜਾਣ ਤੇ ਅਗਿਆਨ ਹਨ ਕਿ ਚਿੱਟੇ ਵਾਲਾਂ ਨੂੰ ਕਾਲੇ ਕਰਨ ਲਈ ਕਿਸੇ ਅਖੌਤੀ ਵਿਅਕਤੀ ਦੇ ਕਹਿਣ ਤੇ ਨੌਂਹ ਰਗੜਨਾ ਸ਼ੁਰੂ ਕਰ ਦਿੰਦੇ ਹਨ। ਬੀਮਾਰੀਆਂ ਦੂਰ ਕਰਨ ਲਈ ਬਾਲੂ ਰੇਤ ਖਾਣਾ ਤੇ ਸੁਲਾ ਦੇ ਪਾਣੀ ਦੀਆਂ ਬੋਤਲਾਂ /ਢੋਲੀਆ ਭਰ ਕੇ ਲਿਆਉਣੀਆਂ ਸ਼ੁਰੂ ਕਰ ਦਿੰਦੇ ਹਨ। ਕੋਈ ਅਖੌਤੀ ਸਿਆਣਾ ਪੈਸੇ,ਸੋਨਾ ਦੁਗਣਾ ਕਰਨ , ਦੱਬਿਆ ਖਜ਼ਾਨਾ ਮਿਲਣ ਦਾ ਝਾਂਸਾ ਦੇ ਕੇ ਲੁੱਟ ਕਰ ਜਾਂਦਾ ਹੈ।ਅਸਲ ਵਿੱਚ ਇਨ੍ਹਾਂ ਲੁੱਟਾਂ ਤੋਂ ਬਚਣ ਲਈ ਅਖੌਤੀ ਸਿਆਣਿਆਂ, ਗ਼ਲਤ ਸਮਾਨ ਵੇਚਣ ਵਾਲਿਆਂ ਦੇ ਭਰਮ ਜਾਲ ਤੋਂ ਬਚਣ ਲਈ ਜਾਗਰੂਕ ਹੋਣਾ ਪਵੇਗਾ। ਉਨ੍ਹਾਂ ਲੋਕਾਂ ਨੂੰ ਲਾਈਲੱਗਤਾ ਵਿੱਚੋਂ ਨਿਕਲ ਕੇ ਵਿਗਿਆਨਕ ਵਿਚਾਰਾਂ ਦੇ ਧਾਰਨੀ ਬਣਨ ਦੀ ਅਪੀਲ ਕੀਤੀ ਹੈ ।

**ਮਾਸਟਰ ਪਰਮਵੇਦ**
**ਜੋਨ ਜਥੇਬੰਦਕ ਮੁਖੀ ਤਰਕਸ਼ੀਲ ਸੁਸਾਇਟੀ ਪੰਜਾਬ**
**9417422349**

# ਬਸਪਾ ਆਗੂ ਰਣਧੀਰ ਸਿੰਘ ਬੈਨੀਪਾਲ ਜੀ ਦੇ ਨੈਸ਼ਨਲ ਕੋਆਰਡੀਨੇਟਰ ਬਣਕੇ ਬੰਗਾ ਪੁਜੱਣ ਤੇ ਬਸਪਾ ਆਗੂ ਪ੍ਰਵੀਨ ਬੰਗਾ ਦੀ ਅਗਵਾਈ ਵਿੱਚ ਸਵਾਗਤ ਤੇ ਸਨਮਾਨ ਕੀਤਾ

**ਬੰਗਾ/ਮੇਹਲੀ (ਚਰਨਜੀਤ ਸੱਲ੍ਹਾ )** ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆ ਵਤੀ ਜੀ ਸਾਬਕਾ ਮੁੱਖ ਮੰਤਰੀ ਉਤਰ ਪਰਦੇਸ਼ ਜੀ ਵਲੋਂ ਪੰਜਾਬ ਵਿੱਚ ਬਸਪਾ ਦੇ ਸੰਗਠਨ ਨੂੰ ਪਿਛਲੇ ਸਮੇਂ ਤੋਂ ਦੇਖ ਰਹੇ ਸਤਿਕਾਰਯੋਗ ਰਣਧੀਰ ਸਿੰਘ ਬੈਨੀਪਾਲ ਜੀ ਨੂੰ ਨੈਸ਼ਨਲ ਕੋਆਰਡੀਨੇਟਰ ਬਣਾਉਣ ਤੋ ਬਾਅਦ ਪਹਿਲੀ ਵਾਰ ਪੰਜਾਬ ਬੰਗਾ ਹਲਕੇ ਵਿੱਚ ਪਹੁੰਚਣ ਤੇ ਬਸਪਾ ਪੰਜਾਬ ਦੇ ਸੂਬਾਈ ਆਗੂ ਪ੍ਰਵੀਨ ਬੰਗਾ ਜੋਨ ਇੰਚਾਰਜ ਲੁਧਿਆਣਾ ਦੀ ਅਗਵਾਈ ਮੇਹਲੀ ਬਾਈਪਾਸ ਤੇ ਉਨ੍ਹਾਂ ਦਾ ਫੂਲਾਂ ਦਾਂ ਬੂਕਾ ਦੇਕੇ ਹਾਰਾਂ ਨਾਲ ਸਵਾਗਤ ਕਰਦੇ ਹੋਏ ਪੰਜਾਬ ਦੇ ਕੇਂਦਰੀ ਕੋਆਰਡੀਨੇਟਰ ਵਿਪਲ ਕੁਮਾਰ ਜੀ ਪੰਜਾਬ ਦੇ ਇੰਚਾਰਜ ਡਾ ਨਛਤਰ ਪਾਲ ਜੀ MLA,ਅਜੀਤ ਸਿੰਘ ਭੈਣੀ, ਜੀ ਦੀ ਹਾਜਰੀ ਵਿੱਚ ਸਨਮਾਨ ਕੀਤਾ ਤੇ ਬਸਪਾ ਸੁਪਰੀਮੋ ਭੈਣ ਕੁਮਾਰੀ ਮਾਇਆ ਜੀ ਦਾ ਧੰਨਵਾਦ



ਕੀਤਾ ਦੇਸ਼ ਵਿਚ ਮਾਨਵੀ ਅਧਿਕਾਰਾਂ ਦੀ ਪ੍ਰਾਪਤੀ ਲਈ ਸੰਘਰਸ਼ ਕਰਨ ਵਾਲੇ ਮਹਾਂਪੁਰਸ਼ਾ ਦੇ ਅੰਦੋਲਨ ਨੂੰ ਸਮਰਪਿਤ ਸਾਹਿਬ ਕਾਂਸ਼ੀ ਰਾਮ ਜੀ ਵਲੋਂ ਦੇਸ਼ ਵਿਚ ਬਣਾਈ ਬਸਪਾ ਦੇ ਅੰਦੋਲਨ ਨਾਲ ਖੜਕੇ ਹੀ ਬਹੁਜਨ ਸਮਾਜ ਨੂੰ ਸ਼ਾਸਕ ਬਣਾਇਆ ਜਾ ਸਕਦਾ ਹੈ ਇਸ ਮੌਕੇ ਤੇ ਮੁਹਾਲੀ ਜੋਨ ਇੰਚਾਰਜ ਠੇਕੇਦਾਰ ਹਰਭਜਨ ਸਿੰਘ ਬਜਹੇੜੀ ਜੀ ਬਸਪਾ ਦੇ ਸੂਬਾਈ ਆਗੂ ਰਾਜਾ ਰਜਿੰਦਰ ਸਿੰਘ ਨਨਹੇੜੀ, ਜਿਲਾ ਸਕੱਤਰ ਵਿਜੇ ਕੁਮਾਰ ਗੁਣਾਚੌਰ, ਹਲਕੇ ਦੇ ਉਪ ਪ੍ਰਧਾਨ ਅਸ਼ੋਕ ਕੁਮਾਰ ਸਾਬਕਾ ਸਰਪੰਚ ਖੋਥੜਾਂ, ਡਾ ਜਸਵੀਰ ਚਾਹਲ ਸਾਬਕਾ ਹਲਕਾ ਪ੍ਰਧਾਨ ਬੰਗਾ, ਜਗਤਾਰ ਸਿੰਘ ਰਿਟਾਇਰ ਸਬ ਇੰਸਪੈਕਟਰ ਪੰਜਾਬ ਪੁਲੀਸ,ਮੇਵਾ ਸਿੰਘ ਸਾਬਕਾ ਸਰਪੰਚ ਚਕਰਾਮੂ ਰਿਟਾਇਰ ਬੈਂਕ ਮੈਨੇਜਰ ਮਹਿੰਦਰ ਪਾਲ ਜੀ ਸਟੂਡੈਂਟ ਆਗੂ ਅਮਿਤ ਬੰਗਾ, ਵਿਜੇ ਕੁਮਾਰ , ਪੰਕਜ ਬੰਗਾ ਤੋ ਇਲਾਵਾ ਸਾਥੀ ਹਾਜਰ ਸਨ ਰਣਧੀਰ ਸਿੰਘ ਬੈਨੀਪਾਲ ਜੀ ਤੇ ਬਸਪਾ ਲੀਡਰਸ਼ਿਪ ਫਗਵਾੜਾ ਪੰਜਾਬ ਸੰਭਾਲੋ ਰੈਲੀ ਨੂੰ ਸੰਬੋਧਨ ਕਰਨ ਲਈ ਪੁੱਜੇ ਸਨ।

# ਚੇਅਰਮੈਨੀਆ ਤਾਂ ਬਹੁਤ ਛੋਟੀ ਗੱਲ ਹੈ ਇਥੇ ਸਾਡੇ ਬਾਪੂ ਨੇਂ ਰਾਸ਼ਟਰਪਤੀ ਦੀ ਕੁਰਸੀ ਨੂੰ ਠੁੱਡ ਮਾਰੀ ਸੀ : ਕੁਲਦੀਪ ਸਿੰਘ

**ਸਰਦੂਲਗੜ੍ਹ ਫਗਵਾੜਾ ( ਚਰਨਜੀਤ ਸੱਲ੍ਹਾ )** ਜਦੋਂ ਕੁਲਦੀਪ ਸਿੰਘ ਸਰਦੂਲਗੜ੍ਹ ਇੰਚਾਰਜ ਬਸਪਾ ਪੰਜਾਬ ਨੂੰ ਪੁਛਿਆ ਗਿਆ ਕਿ ਹੁਣ ਬਸਪਾ ਪੰਜਾਬ ਵਿੱਚ ਕੁਝ ਨਵਾਂ ਕਰੇਗੀ ਤਾਂ ਉਸ ਨੇ ਕਿਹਾ ਕਿ ਅੱਜ ਵਰਦੇ ਮੀਂਹ ਵਿੱਚ ਸਾਡੇ ਵਰਕਰ ਅਤੇ ਸਮਰਥਕ ਇੰਨੀ ਵੱਡੀ ਗਿਣਤੀ ਵਿੱਚ ਫਗਵਾੜਾ ਦੀ ਦਾਣਾਮੰਡੀ ਵਿੱਚ ਆਏ ਹੋਏ ਹਨ ਜਿਹੜੇ ਮੀਂਹ ਦੀ ਪ੍ਰਵਾਹ ਨਹੀਂ ਕਰਦੇ ਜਿਹੜੇ ਹਨੇਰੀ ਤੁਫਾਨ ਦੀ ਪ੍ਰਵਾਹ ਨਹੀਂ ਕਰਦੇ ਆਪਣੇ ਰਹਿਬਰ ਆਪਣੇ ਮਸੀਹਾ ਸਾਹਿਬ ਸ਼੍ਰੀ ਕਾਂਸ਼ੀ ਰਾਮ ਜੀ ਦੇ ਜਨਮ ਦਿਨ ਤੇ ਪੰਜਾਬ ਸੰਭਾਲੋ ਰੈਲੀ



ਵਿੱਚ ਪਹੁੰਚ ਕੇ ਸਾਬਤ ਕਰ ਰਹੇ ਹਨ ਕਿ 2027 ਵਿੱਚ ਆਪਣੀ ਸਰਕਾਰ ਬਣਾਉਣਗੇ। ਸਰਦੂਲਗੜ੍ਹ ਜੀ ਨੇ ਕਿਹਾ ਕਿ ਕੁਝ ਲੋਕ ਮੈਨੂੰ ਕਹਿ ਰਹੇ ਸਨ ਕਿ ਹੁਣ ਤਾਂ ਚੇਅਰਮੈਨੀ ਮਿਲ ਗਈ ਹੈ ਪਰ ਉਨ੍ਹਾਂ ਨੂੰ ਮੇਰਾ ਕਹਿਣ ਹੈ ਕਿ ਚੇਅਰਮੈਨੀ ਤਾਂ ਬਹੁਤ ਛੋਟੀ ਗੱਲ ਹੈ ਪਰ ਸਾਡੇ ਬਾਪੂ ਸਾਹਿਬ ਕਾਸ਼ੀ ਰਾਮ ਜੀ ਨੇ ਤਾਂ ਰਾਸ਼ਟਰਪਤੀ ਦੀ ਕੁਰਸੀ ਨੂੰ ਠੁੱਡ ਮਾਰੀ ਸੀ ਚੇਅਰਮੈਨੀ ਤਾਂ ਬਹੁਤ ਛੋਟੀ ਗੱਲ ਹੈ ਇਸ ਸਮੇਂ ਕੁਲਦੀਪ ਸਿੰਘ ਸਰਦੂਲਗੜ੍ਹ ਇੰਚਾਰਜ ਬਸਪਾ ਪੰਜਾਬ ਜੀ ਦੇ ਨਾਲ ਉਨ੍ਹਾਂ ਦੇ ਵਰਕਰ ਵੀ ਸਨ।

# ਵਰਲਡ ਵਾਈਡ ਬੀ ਐਸ ਪੀ ਸਪੋਰਟਸ ਹਰਜਿੰਦਰ ਖੋਥੜਾਂ ਯੁ ਐਸ ਏ ਦੀ ਸੱਸ ਬਲਦੇਵ ਕੌਰ ਦੀ ਅੰਤਿਮ ਅਰਦਾਸ ਵਿੱਚ ਕਰੀਮਪੁਰੀ ਸਾਹਿਬ ਆਏ

**ਬੰਗਾ (ਚਰਨਜੀਤ ਸੱਲ੍ਹਾ )** ਵਰਲਡ ਵਾਈਡ ਬੀ ਐਸ ਪੀ ਸਪੋਰਟਰ ਹਰਜਿੰਦਰ ਖੋਥੜਾਂ ਯੁ ਐਸ ਏ ਦੀ ਸਸ ਮਾਤਾ ਬਲਦੇਵ ਕੋਰ ਜੀ ਪਤਨੀ ਸਵਰਗਵਾਸੀ ਛਾਂਗਾ ਰਾਮ ਜੀ ਰਿਟਾਇਰ ਬੀ ਡੀ ਉ ਦਫਤਰ ਬੰਗਾ ਬੀਤੇ ਦਿਨੀਂ ਅਮਰੀਕਾ ਵਿੱਚ ਪਰਿਵਾਰ ਨੂੰ ਸਦੀਵੀ ਵਿਛੋੜਾ ਦੇ ਗਏ ਸਨ ਅਜ ਉਨ੍ਹਾਂ ਦੀ ਬਾਹੜੋਵਾਲ ਵਿਖੇ ਅੰਤਿਮ ਅਰਦਾਸ ਵਿੱਚ ਬਸਪਾ ਪੰਜਾਬ ਦੇ ਪ੍ਰਧਾਨ ਡਾ ਅਵਤਾਰ ਸਿੰਘ ਕਰੀਮਪੁਰੀ ਜੀ ਸਾਬਕਾ ਮੈਂਬਰ ਪਾਰਲੀਮੈਂਟ ਰਾਜ ਸਭਾ ਬਸਪਾ ਪੰਜਾਬ ਦੇ ਸੂਬਾਈ ਆਗੂਪ੍ਰਵੀਨ





Late Smt.Baldev Kaur

ਬੰਗਾਜੋਨ ਇੰਚਾਰਜ ਲੁਧਿਆਣਾ ਨਵਾ ਸ਼ਹਿਰ ਪਰਿਵਾਰ ਨਾਲ ਦੁਖ ਸਾਂਝਾ ਕਰਨ ਲਈ ਪੁੱਜੇ ਇਸ ਮੋਕੇ ਤੇ ਉਨ੍ਹਾਂ ਦੇ ਸਪੁੱਤਰ ਵਰਿੰਦਰ ਕੁਮਾਰ ਦਮਾਦ ਪਰਮਿੰਦਰ ਕੁਮਾਰ ਬਸਪਾ ਆਗੂ ਰਵਿੰਦਰ ਮਹਿਮੀ ਵਿਜੇ ਮਜਾਰੀ ਨੰਬਰਦਾਰ ਨਰਿੰਦਰ ਕੁਮਾਰ ਤੇ ਪਰਿਵਾਰਿਕ ਮੈਂਬਰ ਹਾਜਰ ਹੋਏ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਵਲੋਂ 23 ਮਾਰਚ ਨੂੰ ਖਟਕੜ ਕਲਾਂ ਵਿਖੇ ਸ਼ਹੀਦ ਭਗਤ ਸਿੰਘ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ:- ਡਾਕਟਰ ਪ੍ਰੇਮ ਸਲੋਹ, ਡਾਕਟਰ ਬੱਧਣ

**ਨਵਾਂਸ਼ਹਿਰ (ਚਰਨਜੀਤ ਸੱਲ੍ਹਾ )** ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਬਲਾਕ ਨਵਾਂਸ਼ਹਿਰ ਦੀ ਮਹੀਨਾਵਾਰ ਮੀਟਿੰਗ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਦੀ ਪ੍ਰਧਾਨਗੀ ਹੇਠ ਹੋਲ਼ੀ ਅਤੇ ਹੋਲੇ ਮਹੱਲੇ ਦੇ ਤਿਉਹਾਰ ਨੂੰ ਸਮਰਪਿਤ ਕੀਤੀ ਗਈ। ਮੀਟਿੰਗ ਵਿੱਚ ਐਸੋਸੀਏਸ਼ਨ ਨੂੰ ਪੇਸ਼ ਆ ਰਹੀਆਂ ਮੁਸਕਲਾਂ ਤੇ ਵਿਚਾਰ ਚਰਚਾ ਕੀਤੀ ਗਈ। ਜ਼ਿਲ੍ਹਾ ਜਨਰਲ ਸਕੱਤਰ ਡਾਕਟਰ ਪ੍ਰੇਮ ਅਤੇ ਬਲਾਕ ਪ੍ਰਧਾਨ ਡਾਕਟਰ ਪਰਮਜੀਤ ਬੱਧਣ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਜੋ ਨਸ਼ਿਆਂ ਦੇ ਖਿਲਾਫ ਮੁਹਿੰਮ ਛੇੜੀ ਹੈ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਉਸ ਦਾ ਪੁਰਜੋਰ ਸਮਰਥਨ ਕਰਦੀ ਹੈ। ਕਿਉਂਕਿ ਨਸ਼ਿਆਂ ਨੇ ਘਰਾਂ ਦੇ ਘਰ ਉਜਾੜ ਦਿੱਤੇ ਹਨ।ਆਏ ਦਿਨ ਮਾਵਾਂ ਦੇ ਨੋਜਵਾਨ ਪੁੱਤ ਮੌਤ ਦੇ ਮੂੰਹ ਵਿੱਚ ਜਾ ਰਹੇ ਹਨ। ਪੰਜਾਬ ਵਿੱਚੋਂ ਨਸ਼ਾ ਖਤਮ ਕਰਨ ਲਈ ਸਰਕਾਰ ਦੀ ਇਸ ਮੁਹਿੰਮ ਵਿੱਚ ਹਰ ਤਰ੍ਹਾਂ ਦਾ ਸਹਿਯੋਗ ਕਰਨ ਲਈ ਐਸੋਸੀਏਸ਼ਨ ਤਿਆਰ ਏ ਪਰ ਇਸ ਦੇ ਨਾਲ ਹੀ ਐਸੋਸੀਏਸ਼ਨ ਪੰਜਾਬ ਸਰਕਾਰ ਤੋਂ ਮੰਗ ਕਰਦੀ ਹੈ ਕਿ ਨਸ਼ਿਆਂ ਦੀ ਆੜ੍ਹ ਹੇਠ ਸਾਡੇ ਕਿਸੇ ਵੀ ਪ੍ਰੈਕਟੀਸ਼ਨਰ ਨੂੰ ਤੰਗ ਜਾਂ ਪ੍ਰੇਸ਼ਾਨ ਨਾ ਕੀਤਾ ਜਾਵੇ। ਕਿਉਂਕਿ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਪੰਜਾਬ ਰਜਿਸਟ੍ਰੇਸ਼ਨ ਨੰਬਰ 295 ਦਾ ਕੋਈ ਵੀ ਮੈਂਬਰ ਨਸ਼ਾ ਵੇਚਣ ਦਾ ਕੰਮ ਨਹੀਂ ਕਰਦਾ। ਅਗਰ ਕੋਈ ਵੀ ਮੈਂਬਰ ਅਜਿਹਾ ਕਰਦਾ ਹੈ ਤਾਂ ਐਸੋਸੀਏਸ਼ਨ ਉਸ ਦੇ ਖਿਲਾਫ



ਕਾਰਵਾਈ ਕਰਨ ਲਈ ਖੁਦ ਸਰਕਾਰ ਦਾ ਸਹਿਯੋਗ ਕਰੇਗੀ। ਜ਼ਿਲ੍ਹਾ ਆਰਗੇਨਾਈਜ਼ਿਰ ਡਾਕਟਰ ਸੁਰਿੰਦਰ ਮਹਾਲੋਂ, ਬਲਾਕ ਜਨਰਲ ਸਕੱਤਰ ਡਾਕਟਰ ਮਨਜਿੰਦਰ ਬੰਗਾ ਅਤੇ ਬਲਾਕ ਕੈਸ਼ੀਅਰ ਡਾਕਟਰ ਬਲਵਿੰਦਰ ਬੈਂਸ ਨੇ ਮੀਟਿੰਗ ਦੌਰਾਨ ਸੰਬੋਧਨ ਕਰਦਿਆਂ ਦੱਸਿਆ ਕਿ 23 ਮਾਰਚ 2025 ਨੂੰ ਸ਼ਹੀਦ ਭਗਤ ਸਿੰਘ ਜੀ ਦੇ ਸ਼ਹੀਦੀ ਦਿਹਾੜੇ ਤੇ ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ ਪਿੰਡ ਖਟਕੜ ਕਲਾਂ ਵਿਖੇ ਪਹੁੰਚ ਕੇ ਸ਼ਹੀਦਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਜਾਵੇਗੀ। ਜ਼ਿਲ੍ਹਾ ਪ੍ਰਧਾਨ ਡਾਕਟਰ ਬਲਕਾਰ ਕਟਾਰੀਆ ਅਤੇ ਸਮੂਹ ਜ਼ਿਲ੍ਹਾ ਕਮੇਟੀ ਦੀ ਅਗਵਾਈ ਵਿੱਚ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੂਹ ਮੈਂਬਰਾਂ ਦੇ ਨਾਲ ਬਲਾਕ ਨਵਾਂਸ਼ਹਿਰ ਵੱਲੋਂ ਵੀ ਭਰਵੀਂ ਸ਼ਮੂਲੀਅਤ ਕੀਤੀ ਜਾਵੇਗੀ। ਇਸ ਸਮੇਂ ਬਲਾਕ ਚੇਅਰਮੈਨ ਡਾਕਟਰ ਦਿਲਬਾਗ ਸਿੰਘ, ਵਾਇਸ ਚੇਅਰਮੈਨ ਡਾਕਟਰ ਤਰਸੇਮ ਸਲੋਹ, ਡਾਕਟਰ ਰੋਸ਼ਨ ਲਾਲ, ਡਾਕਟਰ ਨਗੀਨ ਸਿੰਘ, ਡਾਕਟਰ ਅਮਰਜੀਤ ਜੱਬੋਵਾਲ, ਡਾਕਟਰ ਸੰਤੋਖ਼, ਡਾਕਟਰ ਮਨਜੀਤ ਕੌਰ, ਡਾਕਟਰ ਪ੍ਰਵੀਨ ਕਾਹਮਾ, ਡਾਕਟਰ ਦਲਵੀਰ ਵਿਰਦੀ ਡਾਕਟਰ ਇੰਦਰਜੀਤ ਸਿੰਘ, ਡਾਕਟਰ ਕੇਸਰ ਰਾਮ, ਡਾਕਟਰ ਜੀਵਨ ਸਿੰਘ, ਡਾਕਟਰ ਸੰਦੀਪ, ਡਾਕਟਰ ਸਤਨਾਮ ਲਾਡੀ, ਡਾਕਟਰ ਸੰਤੋਸ਼ ਵੈਦ, ਡਾਕਟਰ ਸੋਢੀ ਚੁੰਬਰ, ਜੁਗਿੰਦਰ ਬਰਨਾਲਾ, ਡਾਕਟਰ ਅਮਰਜੀਤ ਕਰੀਮਪੁਰ , ਡਾਕਟਰ ਰੰਜੀਤ ਸਿੰਘ ਅਤੇ ਡਾਕਟਰ ਰਾਮ ਕਪੂਰ ਆਦਿ ਮੈਂਬਰ ਹਾਜ਼ਰ ਸਨ।

# ਭੋਲਾ ਸਿੰਘ ਸੰਘੇੜਾ ਦੀ ਪੁਸਤਕ 'ਸ਼ਬਦਕਾਰ' 'ਤੇ ਗੋਸ਼ਟੀ ਕਰਵਾਈ ਗਈ

**ਬਰਨਾਲਾ** । ਲੋਕ ਰੰਗ ਸਾਹਿਤ ਸਭਾ ਬਰਨਾਲਾ ਵੱਲੋਂ ਸਥਾਨਕ ਗੋਬਿੰਦ ਬਾਂਸਲ ਚੈਰੀਟੇਬਲ ਟਰੱਸਟ ਧਰਮਸ਼ਾਲਾ ਵਿਖੇ ਭੋਲਾ ਸਿੰਘ ਸੰਘੇੜਾ ਦੀ ਨਵ-ਪ੍ਰਕਾਸ਼ਿਤ ਪੁਸਤਕ 'ਸ਼ਬਦਕਾਰ' ਤੇ ਗੋਸ਼ਟੀ ਕਰਵਾਈ ਗਈ। ਪੁਸਤਕ 'ਤੇ ਪੇਪਰ ਪੜ੍ਹਦਿਆਂ ਹਰਦੀਪ ਕੁਮਾਰ ਨੇ ਕਿਹਾ ਕਿ ਸੰਘੇੜਾ ਨੇ ਦਰਅਸਲ ਬਰਨਾਲਾ ਦੀ ਸਾਹਿਤਕ ਲਹਿਰ ਦੇ 25 ਮੋਢੀ ਲੇਖਕਾਂ ਦੇ ਜੀਵਨ ਅਤੇ ਰਚਨਾਵਾਂ ਬਾਰੇ ਸੰਖੇਪ ਵਿਚ ਇਕ ਦਸਤਾਵੇਜ਼ ਸਾਡੇ ਅੱਗੇ ਪੇਸ਼ ਕੀਤਾ ਹੈ, ਜਿਸ ਤੋਂ ਸੇਧ ਲੈ ਕੇ ਕੋਈ ਵੀ ਲੇਖਕ ਕਿਸੇ ਰਚਨਾਕਾਰ ਬਾਰੇ ਵਿਸਥਾਰ ਵਿਚ ਕੰਮ ਕਰ ਸਕਦਾ ਹੈ। ਸਮਾਗਮ ਦੀ ਪ੍ਰਧਾਨਗੀ ਕਰਦਿਆਂ ਡਾ. ਜੋਗਿੰਦਰ ਸਿੰਘ ਨਿਰਾਲਾ ਨੇ ਕਿਹਾ ਕਿ ਇਸ ਪੁਸਤਕ ਦੀ ਆਪਣੀ ਵਿਸ਼ੇਸ਼ਤਾ ਹੈ। ਉਮੀਦ ਕਰਨੀ ਚਾਹੀਦੀ ਹੈ ਕਿ ਨਵੇਂ ਲੇਖਕ ਇਸ ਲੜੀ ਨੂੰ ਅੱਗੇ ਵਧਾਉਂਣਗੇ। ਪਰਗਟ ਸਿੰਘ ਸਿੱਧੂ ਅਤੇ ਕਰਮ ਸਿੰਘ ਮਾਨ ਦਾ ਮੱਤ ਸੀ ਕਿ ਇਸ ਪੁਸਤਕ ਦਾ ਮਹੱਤਵ ਇਸ ਕਰਕੇ ਵੀ



ਹੈ ਕਿ ਕਈ ਅਣਗੌਲੇ ਕਲਮਕਾਰਾਂ ਬਾਰੇ ਪਾਠਕਾਂ ਨੂੰ ਪਹਿਲੀ ਵਾਰ ਜਾਣਕਾਰੀ ਹਾਸਲ ਹੁੰਦੀ ਹੈ। ਓਮ ਪ੍ਰਕਾਸ਼ ਗਾਸੋ, ਸੀ. ਮਾਰਕੰਡਾ ਅਤੇ ਬੂਟਾ ਸਿੰਘ ਚੌਹਾਨ ਨੇ ਕਿਹਾ ਕਿ ਇਹ ਪੁਸਤਕ ਦੱਸਦੀ ਹੈ ਕਿ ਸਾਹਿਤ ਦੀ ਦੁਨੀਆ ਵਿਚ ਉੱਚਾ ਮੁਕਾਮ ਹਾਸਲ ਕਰਨ ਲਈ ਇਹਨਾਂ ਲੇਖਕਾਂ ਨੂੰ ਕਿਵੇਂ ਲਗਾਤਾਰ ਮਿਹਨਤ ਕਰਨੀ ਪਈ। ਡਾ. ਹਰਿਭਗਵਾਨ, ਤਰਸੇਮ ਅਤੇ ਡਾ ਹਰੀਸ਼ ਨੇ ਕਿਹਾ ਕਿ ਭਵਿੱਖ ਵਿਚ ਇਹ ਪੁਸਤਕ ਰੈਫਰੈਂਸ ਕਿਤਾਬ ਦਾ ਰੁਤਬਾ ਹਾਸਲ ਕਰੇਗੀ। ਵਿਚਾਰ ਵਟਾਂਦਰੇ ਵਿਚ ਡਾ. ਭੁਪਿੰਦਰ ਸਿੰਘ ਬੇਦੀ, ਡਾ. ਰਾਮ ਪਾਲ ਸ਼ਾਹਪੁਰੀ, ਦਰਸ਼ਨ ਚੀਮਾ, ਪ੍ਰੋ.ਚਤਿੰਦਰ ਸਿੰਘ ਰੁਪਾਲ, ਤੇਜਿੰਦਰ ਚੰਡਿਹੋਕ, ਜਗਤਾਰ ਜਜ਼ੀਰਾ ਅਤੇ ਸੁਦਰਸ਼ਨ ਗੁੱਡੂ ਨੇ ਵੀ ਭਾਗ ਲਿਆ। ਇਸ ਮੌਕੇ ਹੋਏ ਕਵੀ ਦਰਬਾਰ ਵਿਚ ਰਾਮ ਸਰੂਪ ਸ਼ਰਮਾ, ਹਾਕਮ ਰੂੜੇਕੇ, ਸੁਖਵਿੰਦਰ ਸਿੰਘ ਸਨੇਹ, ਲਛਮਣ ਦਾਸ ਮੁਸਾਫਿਰ ਅਤੇ ਪਾਲ ਸਿੰਘ ਲਹਿਰੀ ਆਦਿ ਨੇ ਆਪਣੀਆਂ ਕਵਿਤਾਵਾਂ ਦਾ ਪਾਠ ਵੀ ਕੀਤਾ। ਮੰਚ ਸੰਚਾਲਨ ਪ੍ਰੋ. ਚਤਿੰਦਰ ਸਿੰਘ ਰੁਪਾਲ ਨੇ ਬਾਖੂਬੀ ਨਿਭਾਇਆ। ਸਮਾਗਮ ਵਿਚ ਪਵਨ ਪਰਿੰਦਾ, ਹਰੀਪਾਲ, ਵਿਨੋਦ ਅਨੀਕੇਤ, ਡਾ.ਸੁਰਿੰਦਰ ਸਿੰਘ ਭੱਠਲ, ਡਾ. ਤਰਸਪਾਲ ਕੌਰ, ਸੁਰਜੀਤ ਦਿਹੜ, ਐਸ. ਐਸ. ਗਿੱਲ, ਉਜਾਗਰ ਸਿੰਘ ਮਾਨ, ਰਜਿੰਦਰ ਸ਼ੌਕੀ, ਮਾਲਵਿੰਦਰ ਸ਼ਾਇਰ ਆਦਿ ਨੇ ਵੀ ਸ਼ਿਰਕਤ ਕੀਤੀ।

# ਸਾਡੀ ਖਾਤਰ ਮੁਰਦਿਆਂ ਦੇ ਕੱਪੜੇ ਪਾਉਣ ਵਾਲੇ ਰਹਿਬਰ ਦਾ ਸਪਨਾ ਪੂਰਾ ਕਰਨਾ ਸਾਡਾ ਫਰਜ਼ ਹੈ: ਦਰਦੀ

**ਬੰਗਾ (ਚਰਨਜੀਤ ਸੱਲ੍ਹਾ** ) ਅੱਜ ਦੀ ਕਾਮਯਾਬ ਰੈਲੀ ਦੀਆਂ ਸਮੁੱਚੇ ਬਹੁਜਨ ਸਮਾਜ ਨੂੰ ਮੁਬਾਰਕਾਂ ਬਹੁਜਨਾ ਦੇ ਮਸੀਹਾ,ਵਿਵਸਥਾ ਪਰਿਵਰਨ ਲਈ ਸ਼ੰਘਰਸ਼ ਸ਼ੀਲ,ਸਾਇਕਲ ਤੇ ਭਾਰਤ ਦੇ ਸੁੱਤੇ ਲੋਕਾਂ ਨੂੰ ਜਗਾਉਣ ਲਈ ਯਤਨਸ਼ੀਲ,ਘਰ ਵਾਰ ਛੱਡ ਕੇ ਸਮਾਜ ਨੂੰ ਹੀ ਆਪਣਾ ਪਰਿਵਾਰ ਸਮਝਣ ਵਾਲੇ,ਸ਼ਮਸ਼ਾਨ ਘਾਟ ਤੋਂ ਮੁਰਦਿਆ ਦੇ ਕੱਪੜੇ ਪਾ ਕੇ ਰਾਜ ਭਾਗ ਦਾ ਅਨੰਦ ਚਖਾਉਣ ਵਾਲੇ,ਡੀ. ਐਸ ਫੋਰ ਤੋਂ ਬੀ.ਐਸ.ਪੀ ਨੈਸ਼ਨਲ ਲੈਵਲ ਦੀ ਪਾਰਟੀ ਖੜੀ ਕਰਨ ਵਾਲੇ,ਕੇਡਰਾ ਦੇ ਧਨੀ,ਕਾਗਜ਼ ਚੁੱਕਣ ਵਾਲੇ ਤੋਂ ਸਰਕਾਰੀ ਨੌਕਰੀ ਕਰਦੇ ਬਹੁਜਨਾ ਦੇ ਦਿਮਾਗ ਵਿੱਚ ਰਾਜ ਭਾਗ ਦੀ ਚਿੰਗਾਰੀ ਸੁਲਗਾਉਣ ਵਾਲੇ,ਚਮਚਾ ਯੁੱਗ ਕਿਤਾਬ ਦੀ ਰਚਨਾ ਕਰਨ ਵਾਲੇ,ਟੁੱਟੀ ਚੱਪਲ ਵਿੱਚ ਗੁਜਾਰਾ ਕਰਕੇ ਬਹੁਜਨਾ ਨੂੰ



ਬਰੈਂਡਡ ਬੂਟ ਤੇ ਕੱਪੜੇ ਪਹਿਨਾਉਣ ਵਾਲੇ,ਬਾਬਾ ਸਾਹਿਬ ਦੇ ਸੱਚੇ ਪੈਰੋਕਾਰ,ਅਣਖੀ ਯੋਧੇ



ਸਾਹਿਬ ਕਾਂਸ਼ੀ ਰਾਮ ਜੀ ਦੇ 91ਵੇਂ ਜਨਮ ਦਿਨ ਦੀਆਂ ਸਮੂਹ ਬਹੁਜਨਾ ਨੂੰ ਲੱਖ ਲੱਖ ਵਧਾਈਆ। ਦਰਦੀ"

# ਮਹਿਲਾ ਦਿਵਸ ਤੇ ਰੇਖਾ ਪਾਲ ਪੁਰਸਕਾਰ ਨਾਲ ਸਨਮਾਨਿਤ







**ਬੰਗਾ (ਚਰਨਜੀਤ ਸੱਲ੍ਹਾ )** ਸੰਯੁਕਤ ਰਾਸ਼ਟਰ ਦੇ ਅਧੀਨ ਵਿਸ਼ਵ ਮਹਿਲਾ ਦਿਵਸ ਤੇ ਇੰਡੋਨੇਸ਼ੀਆ ਦੇ ਜਾਕਰਤਾ ਵਿੱਚ ਵਿਸ਼ਵ ਬੁੱਧ ਧਰਮ ਸੰਗਠਨ ਵੱਲੋਂ ਆਯੋਜਿਤ ਇੱਕ ਵਿਸ਼ੇਸ਼ ਸਨਮਾਨ ਸਮਾਗਮ ਦੌਰਾਨ ਡਾਕਟਰ ਅੰਬੇਡਕਰ ਮੈਮੋਰੀਅਲ ਕਮੇਟੀ ਬ੍ਰਿਟੇਨ ( ਯੂਕੇ) ਦੀ ਪ੍ਰਧਾਨ ਰੇਖਾ ਪਾਲ ਨੂੰ ਇੰਗਲੈਂਡ ਵਿੱਚ ਉਹਨਾਂ ਦੇ ਸੇਵਾ ਕਾਰਜ ਲਈ ਆਊਟਸਟੈਂਡਿੰਗ ਬੋਧੀ ਬੂਮੈਨ ਅਵਾਰਡ 2025 ਨਾਲ ਸਨਮਾਨਿਤ ਕੀਤਾ ਗਿਆ। ਇੰਡੋਨੇਸ਼ੀਆ ਵਿੱਚ ਮਿਲੇ ਇਸ ਸਨਮਾਨ ਤੇ ਖੁਸ਼ੀ ਪ੍ਰਗਟ ਕਰਦੇ ਹੋਏ ਡਾਕਟਰ ਅੰਬੇਡਕਰ ਬੁੱਧਿਸਟ ਰਿਸੋਰਸ ਸੈਂਟਰ ਮੈਨੇਜਿੰਗ ਕਮੇਟੀ ਪੰਜਾਬ ਦੇ ਪ੍ਰਧਾਨ ਐਡਵੋਕੇਟ ਕੁਲਦੀਪ ਭੱਟੀ ਤੇ ਸਮੂਹ ਕਮੇਟੀ ਮੈਂਬਰਾਂ ਨੇ ਸ਼੍ਰੀਮਤੀ ਰੇਖਾ ਪਾਲ ਨੂੰ ਉਕਤ ਅਵਾਰਡ ਮਿਲਣ ਤੇ ਸ਼ੁਭ ਇਸ਼ਾਵਾਂ ਦਿੰਦੇ ਹੋਏ ਕਿਹਾ ਕਿ ਇਹ ਬੋਧੀ ਭਾਈਚਾਰੇ ਲਈ ਬਹੁਤ ਮਾਣ ਵਾਲੀ ਗੱਲ ਹੈ। ਉਹਨਾਂ ਕਿਹਾ ਕਿ ਆਯੂਸ਼ਮਤੀ ਰੇਖਾ ਪਾਲ ਬਾਬਾ ਸਾਹਿਬ ਡਾਕਟਰ ਅੰਬੇਡਕਰ ਜੀ ਵਿਚਾਰਧਾਰਾ ਅਤੇ ਤਥਾਗਤ ਮਹਾ ਮਾਨਵ ਗੌਤਮ ਬੁੱਧ ਦੇ ਮਿਸ਼ਨ ਦੇ ਪ੍ਰਚਾਰ ਪ੍ਰਸਾਰ ਵਿੱਚ ਵਡਮੁੱਲਾ ਯੋਗਦਾਨ ਪਾ ਰਹੀ ਹੈ। ਇਸ ਮੌਕੇ ਤੇ ਡਾ ਚਮਨ ਲਾਲ ਮੰਮਨ ਮੈਮੋਰੀਅਲ ਐਜ਼ੂਕੇਸ਼ਨਲ ਕੋਚਿੰਗ ਸੈਂਟਰ ਦਾ ਉਦਘਾਟਨ ਵੀ ਕੀਤਾ ਗਿਆ। ਸਕੂਲ ਦੇ ਬੱਚਿਆਂ ਨੇ ਆਪਣੀਆਂ ਐਟਮਾ ਵਿੱਚ ਭਾਗ ਲੈਂਦੇ ਹੋਏ ਬਾਬਾ ਸਾਹਿਬ ਡਾ ਅੰਬੇਡਕਰ ਜੀ ਦਾ ਸ਼ੁਕਰੀਆ ਅਦਾ ਕੀਤਾ।ਸੁਮਨ ਸਾਹਿਬ ਜੀ ਦੀ ਸਪੀਚ ਕਾਬਲੇ ਤਾਰੀਫ ਸੀ। ਇਸ ਮੌਕੇ ਐਡਵੋਕੇਟ ਕੁਲਦੀਪ ਭੱਟੀ ਪ੍ਰਧਾਨ, ਐਡਵੋਕੇਟ ਐਸ ਐਲ ਵਿਰਦੀ ਸਾਹਿਬ,ਬੰਸੋ ਦੇਵੀ, ਇੰਦਰਜੀਤ ਅਟਾਰੀ, ਪ੍ਰਵੀਨ ਬੰਗਾ, ਪ੍ਰਿੰਸੀਪਲ ਮਨਜੀਤ ਸਿੰਘ ਲੋਗੀਆਂ, ਮਨਜੋਤ ਲੋਗੀਆ, ਜੈ ਪ੍ਰਕਾਸ਼ ਸਾਬਕਾ ਕੋਆਰਡੀਨੇਟਰ ਬਸਪਾ ਮੱਖਣ ਚੋਹਾਨ, ਹਰਬਲਾਸ ਬਸਰਾ ਉਪ ਪ੍ਰਧਾਨ,ਕਿੱਕਬਾਸਿੰਗ ਖਿਡਾਰੀ ਹਰਸਿਮਰਨ ਸਿੰਘ ਲੋਗੀਆ, ਮੁਸਕਾਨ ਸੱਲ੍ਹਾ, ਚਰਨਜੀਤ ਸੱਲ੍ਹਾ ਨੰਬਰਦਾਰ, ਮਹੇਸ਼ ਕੁਮਾਰ,ਭਾਤੇ ਵਿੰਨੇ ਥੀਰੋ ਜੀ ਅਤੇ ਸਕੂਲ ਦਾ ਸਟਾਫ ਤੇ ਬਾਕੀ ਮੈਂਬਰ ਸੂੰਢ ਵਿਖੇ ਮੌਜੂਦ ਸਨ।

# ਵਿਧਾਇਕ ਜਿੰਪਾ ਨੇ ਵਾਰਡ ਨੰਬਰ 40 ਦੇ ਚੌਕ ਸੂਰਾਜਾ 'ਚ 16.50 ਲੱਖ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ ਦਾ ਕੀਤਾ ਸ਼ੁਭ ਆਰੰਭ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਸ਼ਹਿਰ ਦੇ ਵਿਕਾਸ ਕਾਰਜਾਂ ਨੂੰ ਹੋਰ ਹੁਲਾਰਾ ਦਿੰਦੇ ਹੋਏ ਵਿਧਾਇਕ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਵਾਰਡ ਨੰਬਰ 40 ਦੇ ਚੌਕ ਸੁਰਾਜਾ ਵਿਖੇ 16.50 ਲੱਖ ਰੁਪਏ ਦੀ ਲਾਗਤ ਨਾਲ ਗਲੀਆਂ ਦੇ ਨਿਰਮਾਣ ਕਾਰਜ਼ ਦਾ ਸ਼ੁਭ ਆਰੰਭ ਕੀਤਾ। ਇਸ ਮੌਕੇ ਉਨ੍ਹਾਂ ਨੇ ਅਧਿਕਾਰੀਆਂ ਨੂੰ ਸਪੱਸ਼ਟ ਨਿਰਦੇਸ਼ ਦਿੱਤੇ ਕਿ ਨਿਰਮਾਣ ਕਾਰਜਾਂ ਦੀ ਗੁਣਵੱਤਾ ਵਿਚ ਕੋਈ ਕਮੀ ਨਾ ਰਹੇ ਅਤੇ ਸਾਰੇ ਕਾਰਜ ਨਿਰਧਾਰਤ ਸਮੇਂ ਵਿਚ ਪੂਰੇ ਕੀਤੇ ਜਾਣ। ਵਿਧਾਇਕ ਜਿੰਪਾ ਨੇ ਦੱਸਿਆ ਕਿ ਸ਼ਹਿਰ ਵਿਚ ਵੱਖ-ਵੱਖ ਵਿਕਾਸ ਕਾਰਜ ਤੇਜ਼ੀ ਨਾਲ ਕੀਤੇ ਜਾ ਰਹੇ ਹਨ ਤਾਂ ਜੋ ਨਾਗਰਿਕਾਂ ਨੂੰ ਬਿਹਤਰ ਸੁਵਿਧਾਵਾਂ ਮਿਲ ਸਕਣ। ਇਸ ਤਹਿਤ ਵੱਖ-ਵੱਖ ਵਾਰਡਾਂ ਵਿਚ ਪੀਣ ਵਾਲੇ ਪਾਣੀ ਦੇ ਟਿਊਬਵੈਲ



ਲਗਾਏ ਜਾ ਰਹੇ ਹਨ ਜਿਸ ਨਾਲ ਪਾਣੀ ਦੀ ਸਮੱਸਿਆ ਦਾ ਹੱਲ ਹੋਵੇਗਾ। ਉਨ੍ਹਾਂ ਕਿਹਾ ਕਿ ਰਾਜ ਸਰਕਾਰ ਸ਼ਹਿਰ ਦੇ ਬੁਨਿਆਦੀ ਢਾਂਚੇ ਨੂੰ ਮਜ਼ਬੂਤ ਕਰਨ ਲਈ ਵਚਨਬੱਧ ਹੈ ਅਤੇ ਇਸੇ ਦਿਸ਼ਾ ਵਿਚ ਇਹ ਕਦਮ ਉਠਾਇਆ ਗਿਆ ਹੈ।

ਵਿਧਾਇਕ ਨੇ ਸਥਾਨਕ ਨਿਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਵਿਕਾਸ ਕਾਰਜਾਂ ਵਿਚ ਸਹਿਯੋਗ ਕਰਨ ਅਤੇ ਸੜਕ ਨਿਰਮਾਣ ਅਤੇ ਹੋਰ ਕੰਮਾਂ ਦੌਰਾਨ ਪ੍ਰਸ਼ਾਸਨ ਦਾ ਸਹਿਯੋਗ ਕਰਨ। ਉਨ੍ਹਾਂ ਵਿਸ਼ਵਾਸ ਦਿਵਾਇਆ ਕਿ ਸ਼ਹਿਰ ਨੂੰ ਹੋਰ ਵਧੇਰੇ ਆਧੁਨਿਕ ਅਤੇ ਸੁਵਿਧਾਜਨਕ ਬਣਾਉਣ ਲਈ ਭਵਿੱਖ ਵਿਚ ਵੀ ਇਸ ਤਰ੍ਹਾਂ ਦੇ ਵਿਕਾਸ ਕਾਰਜ ਜਾਰੀ ਰਹਿਣਗੇ। ਇਸ ਮੌਕੇ ਮੇਅਰ ਸੁਰਿੰਦਰ ਕੁਮਾਰ, ਪ੍ਰਦੀਪ ਬਿੱਟੂ, ਅਨਮੋਲ ਜੈਨ, ਬੱਬੀ ਜੈਨ, ਰਾਮਪਾਲ, ਸੁਰੇਸ਼ ਗੋਲੂ, ਕ੍ਰਿਸ਼ਨ ਗੋਪਾਲ ਸ਼ਰਮਾ, ਮਨੋਜ ਦੱਤਾ, ਅਜੇ ਜੈਨ ਸਮੇਤ ਹੋਰ ਪਤਵੰਤੇ ਵਿਅਕਤੀ ਮੌਜੂਦ ਸਨ। ਉਨ੍ਹਾਂ ਵਿਧਾਇਕ ਜਿੰਪਾ ਦਾ ਧੰਨਵਾਦ ਕਰਦੇ ਹੋਏ ਕਿਹਾ ਕਿ ਇਸ ਤਰ੍ਹਾਂ ਦੇ ਵਿਕਾਸ ਕਾਰਜਾਂ ਨਾਲ ਸ਼ਹਿਰਵਾਸੀਆਂ ਨੂੰ ਸਿੱਧਾ ਲਾਭ ਮਿਲੇਗਾ।

# ਵਿਧਾਇਕਾ ਸ਼ੰਤੋਸ ਕਟਾਰੀਆ ਦੇ ਭਰਾ ਸੋਨੂੰ ਕੈਨੇਡਾ ਨੂੰ ਵੱਖ ਵੱਖ ਸ਼ਖ਼ਸੀਅਤਾਂ ਵੱਲੋਂ ਸ਼ਰਧਾਂਜਲੀਆਂ ਭੇਟ

## ਮੁੱਖ ਮੰਤਰੀ ਦੇ ਮਾਤਾ ਹਰਪਾਲ ਕੌਰ ਮਾਨ ਵੀ ਵਿਸ਼ੇਸ਼ ਤੌਰ 'ਤੇ ਸ਼ਰਧਾ ਦੇ ਫੁੱਲ ਭੇਟ ਕਰਨ ਪਹੁੰਚੇ

**ਸੜੋਆ (ਸਤਨਾਮ ਸਿੰਘ ਸਹੂੰਗੜਾ)** ਵਿਧਾਨ ਸਭਾ ਹਲਕਾ ਬਲਾਚੌਰ ਦੇ ਵਿਧਾਇਕਾ ਸ਼ੰਤੋਸ ਕਟਾਰੀਆ ਦੇ ਛੋਟੇ ਭਰਾ ਕੇਸ਼ਵ ਮੀਲੂ ਉਰਫ਼ ਸੋਨੂੰ ਕੈਨੇਡਾ, ਜੋ ਕਿ ਬੀਤੀ 3 ਮਾਰਚ ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਦੀ ਆਤਮਿਕ ਸ਼ਾਂਤੀ ਲਈ ਉਨ੍ਹਾਂ ਦੇ ਪਰਿਵਾਰ ਵੱਲੋਂ ਪਿੰਡ ਚਾਂਦਪੁਰ ਰੁੜਕੀ ਵਿਚ ਧੰਨ ਧੰਨ ਬਾਬਾ ਗੁਰਦਿੱਤਾ ਗੁਰਦੁਆਰਾ ਸਾਹਿਬ ਵਿਖੇ ਸਹਿਜ ਪਾਠ ਦੇ ਭੋਗ ਪਾਉਣ ਉਪਰੰਤ ਸ਼ਰਧਾਂਜਲੀ ਸਮਾਗਮ ਕਰਵਾਇਆ ਗਿਆ। ਇਸ ਮੌਕੇ ਭਾਈ ਸਤਨਾਮ ਸਿੰਘ ਜੀ ਹਜ਼ੂਰੀ ਰਾਗੀ ਦਰਬਾਰ ਸਾਹਿਬ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ ਅਤੇ ਵਿਛੜੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਬੇਨਤੀ ਕੀਤੀ ਗਈ। ਇਸ ਮੌਕੇ ਪੰਜਾਬ ਸਰਕਾਰ ਵੱਲੋਂ ਕਟਾਰੀਆ ਪਰਿਵਾਰ ਨਾਲ ਦੁੱਖ ਦੀ ਘੜੀ ਵਿਚ ਸ਼ਾਮਿਲ ਹੋਣ ਲਈ ਪੰਜਾਬ ਦੇ ਮੁੱਖ ਮੰਤਰੀ ਦੇ ਮਾਤਾ ਹਰਪਾਲ ਕੌਰ ਮਾਨ ਵੀ ਸ਼ਰਧਾ ਦੇ ਫੁੱਲ ਭੇਟ ਕਰਨ ਲਈ ਪਹੁੰਚੇ।

ਇਸ ਮੌਕੇ ਕੈਬਨਿਟ ਮੰਤਰੀ ਹਰਦੀਪ ਸਿੰਘ ਮੁੰਡੀਆ ਅਤੇ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਜੈ ਕ੍ਰਿਸ਼ਨ ਸਿੰਘ ਰੌੜੀ ਨੇ ਸ਼ਰਧਾ ਦੇ ਫੁੱਲ ਭੇਟ ਕਰਦਿਆਂ ਕਿਹਾ ਕਿ ਨੌਜਵਾਨ ਸੋਨੂੰ ਦੇ ਅਚਨਚੇਤ ਇਸ ਦੁਨੀਆ ਵਿਚੋਂ ਚਲੇ ਜਾਣ ਦੀ ਦਰਦ ਵਿਛੋੜੇ ਦੀ ਪੀੜ ਬਹੁਤ ਹੀ ਡੂੰਘੀ ਹੈ। ਉਨ੍ਹਾਂ ਕਿਹਾ ਕਿ ਸੋਨੂੰ ਚੌਧਰੀ ਆਪਣੇ ਪਰਿਵਾਰ ਦਾ ਹੀ ਚਿਰਾਗ ਨਹੀਂ, ਸਗੋਂ ਕਈ ਪਰਿਵਾਰਾ ਦਾ ਚਿਰਾਗ ਸੀ। ਉਨ੍ਹਾਂ ਕਿਹਾ ਕਿ ਸੋਨੂੰ ਚੌਧਰੀ ਨੇ ਪੰਜਾਬ ਵਿਚ ਹੀ ਨਹੀਂ, ਸਗੋਂ ਕੈਨੇਡਾ ਦੇ ਵਿਚ ਵੀ ਆਪਣੀ ਵੱਖਰੀ ਪਹਿਚਾਣ ਬਣਾਈ ਹੋਈ ਸੀ। ਇਸ ਮੌਕੇ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਸੋਨੂੰ ਚੌਧਰੀ ਦਾ ਨੌਜਵਾਨਾਂ ਦੇ ਨਾਲ ਜ਼ਿਆਦਾ ਸਬੰਧ ਪਿਆਰ ਤੇ ਖੇਡਾਂ ਦੇ ਨਾਲ ਜ਼ਿਆਦਾ ਸਬੰਧ ਹੋਣ ਦੇ ਨਾਤੇ ਉਨ੍ਹਾਂ ਦੇ ਪਿੰਡ ਚਾਂਦਪੁਰ ਰੁੜਕੀ ਵਿਖੇ ਉਨ੍ਹਾਂ ਦੇ ਨਾਮ ਦਾ ਖੇਡ ਸਟੇਡੀਅਮ ਬਣਾਉਣ ਦਾ ਵਿਸ਼ਵਾਸ ਦਿਵਾਇਆ। ਇਸ ਮੌਕੇ ਸਾਬਕਾ ਸਪੀਕਰ ਪੰਜਾਬ ਵਿਧਾਨ ਸਭਾ ਰਾਣਾ ਕੰਵਰ ਪਾਲ ਸਿੰਘ, ਵਿਧਾਇਕ ਰੋਪੜ ਦਿਨੇਸ਼ ਚੱਢਾ,



ਵਿਧਾਇਕ ਹੁਸ਼ਿਆਰਪੁਰ ਤੇ ਸਾਬਕਾ ਮੰਤਰੀ ਬ੍ਰਮ ਸ਼ੰਕਰ ਜਿੰਪਾ, ਵਿਧਾਇਕ ਨਵਾਂਸ਼ਹਿਰ ਨਛੱਤਰਪਾਲ, ਚੈਅਰਮੈਨ ਜਸਬੀਰ ਸਿੰਘ ਗੜ੍ਹੀ, ਐਸ. ਐਸ. ਪੀ ਡਾ. ਮਹਿਤਾਬ ਸਿੰਘ, ਪੰਜਾਬ ਰਾਜ ਤਕਨੀਕੀ ਸਿੱਖਿਆ ਬੋਰਡ ਦੇ ਉਪ ਚੇਅਰਮੈਨ ਲਲਿਤ ਮੋਹਨ ਪਾਠਕ ਬੱਲੂ, ਪੰਜਾਬ ਜਲ ਸਰੋਤ ਤੇ ਵਿਕਾਸ ਨਿਗਮ ਦੇ ਉਪ ਚੇਅਰਮੈਨ ਕੁਲਜੀਤ ਸਿੰਘ ਸਰਹਾਲ, ਚੈਅਰਮੈਨ ਸਤਨਾਮ ਜਲਾਲਪੁਰ, ਚੈਅਰਮੈਨ ਡਾ. ਹਰਮਿੰਦਰ ਸਿੰਘ ਬਖਸ਼ੀ, ਚੈਅਰਮੈਨ ਸਤਨਾਮ ਸਿੰਘ ਜਲਵਾਹਾ, ਆਪ ਆਗੂ ਅਸ਼ੋਕ ਕਟਾਰੀਆ, ਸਾਬਕਾ ਵਿਧਾਇਕ ਦਲਬੀਰ ਗੋਲਡੀ ਧੂਰੀ,ਸਾਬਕਾ ਵਿਧਾਇਕ ਦਰਸ਼ਨ ਲਾਲ ਮੰਗੂਪੁਰ, ਸਾਬਕਾ ਵਿਧਾਇਕ ਅੰਗਦ ਸਿੰਘ, ਸਾਬਕਾ ਵਿਧਾਇਕ ਅਮਰਜੀਤ ਸਿੰਘ ਸੰਦੋਆ, ਚੇਅਰਮੈਨ ਗਗਨ ਅਗਨੀਹੋਤਰੀ, ਚੇਅਰਮੈਨ ਬਲਬੀਰ ਕਰਨਾਣਾ, ਸਾਬਕਾ ਚੈਅਰਮੈਨ ਹਰਮੇਸ਼ ਲਾਲ ਦਸਗਰਾਂਈਂ, ਕਾਮਰੇਡ ਮਹਾਂ ਸਿੰਘ ਰੌੜੀ, ਕਾਮਰੇਡ ਪਰਮਿੰਦਰ ਮੇਨਕਾ, ਕਿਸਾਨ ਆਗੂ ਲੱਖਾ ਸਧਾਣਾ, ਏ. ਡੀ. ਸੀ ਰਾਜੀਵ ਵਰਮਾ, ਐਸ. ਡੀ. ਐਮ ਬਲਾਚੌਰ ਰਵਿੰਦਰ ਬਾਂਸਲ, ਆਪ ਆਗੂ ਬਲਜੀਤ ਸਿੰਘ ਭਾਰਾਪੁਰ, ਸਾਬਕਾ ਚੈਅਰਮੈਨ ਹਰਬੰਸ ਲਾਲ ਸੈਦਪੁਰ, ਪ੍ਰੇਮ ਚੰਦ ਭੀਮਾ, ਰਸ਼ਪਾਲ ਸਿੰਘ ਮੰਡੇਰ, ਭਾਜਪਾ ਆਗੂ ਸੰਦੀਪ ਭਾਟੀਆ ਆਦੋਆਣਾ, ਚੈਅਰਮੈਨ ਮਾਰਕੀਟ ਕਮੇਟੀ ਬਲਾਚੌਰ ਸੇਠੀ ਉਧਨੋਵਾਲ, ਡੀ. ਐਸ. ਪੀ ਸ਼ਾਮ ਸੁੰਦਰ ਬਲਾਚੌਰ, ਡੀ.ਪੀ.ਆਰ.ਓ ਹਰਦੇਵ ਸਿੰਘ ਆਸੀ, ਭਾਜਪਾ ਆਗੂ ਸੰਜੀਵ ਪਿੰਟੂ ਬਲਾਚੌਰ, ਭਾਜਪਾ ਆਗੂ ਅਵਿਨਾਸ਼ ਰਾਏ ਖੰਨਾ,ਆਪ ਆਗੂ ਬ੍ਰਿਗੇਡੀਅਰ ਰਾਜ ਕੁਮਾਰ, ਅਸ਼ੋਕ ਕੁਮਾਰ ਨਾਨੋਵਾਲ, ਰਣਵੀਰ ਸੈਕਟਰੀ ਜੱਟਪੁਰ,ਸਾਬਕਾ ਪ੍ਰਧਾਨ ਟਿੰਕੂ ਘਈ,ਸਾਬਕਾ ਚੈਅਰਮੈਨ ਅਸ਼ੋਕ ਕਰੀਮਪੁਰਧਿਆਨੀ,ਬਾਬੂ ਤੀਰਥ ਨਾਨੋਵਾਲ,ਬਲਦੇਵ ਰਾਜ ਖੇਪੜ,ਸਾਬਕਾ ਸੰਮਤੀ ਮੈਂਬਰ ਗੁਰਚਰਨ ਚੇਚੀ ਚੰਦਿਆਣੀ, ਮੌਂਟੀ ਸੰਧੂ ਧੂਰੀ,ਸਰਪੰਚ ਇਕਬਾਲ ਧੂਰੀ, ਅੱਛਰਾ ਆਸਟ੍ਰੇਲੀਆ,ਪਵਨ ਕੁਮਾਰ ਪੱਪੂ ਉਧਨੋਵਾਲ, ਠੇਕੇਦਾਰ ਰੋਸ਼ਨ ਲਾਲ ਸਮਾਣਾ, ਸੁਰਜੀਤ ਕੋਹਲੀ ਠੇਕੇਦਾਰ, ਵਿਨੇ ਕੁਮਾਰ, ਕਾਂਗਰਸ ਆਗੂ ਅਸ਼ੋਕ ਬਾਠ ਕਰੀਮਪੁਰਚਾਹਵਾਲਾ,ਹਰਮੇਸ਼ ਲਾਲ ਚੂਹੜਪੁਰ,ਵਿਜੇ ਉਧਨੋਵਾਲ ਬਲਾਚੌਰ ਪ੍ਰੈੱਸ ਕਲੱਬ ਸਰਪ੍ਰਸਤ,ਪ੍ਰਧਾਨ ਲਾਡੀ ਰਾਣਾ ਪਰਮਜੀਤ ਪੰਮਾ, ਪ੍ਰਧਾਨ ਗੁਰਦੁਆਰਾ ਹਰਮਿੰਦਰ ਸਿੰਘ,ਚਾਨਣ ਰਾਮ ਪਟਵਾਰੀ, ਰਾਮਪਾਲ ਪਟਵਾਰੀ, ਹਰਜਿੰਦਰ ਜਿੰਦੀ, ਸੁਦੇਸ਼ ਕਟਾਰੀਆ ਕਾਲਾ, ਦਿਨੇਸ਼ ਕਟਾਰੀਆ ਡਿੰਪੀ, ਕਰਨਵੀਰ ਕਟਾਰੀਆ ਭਾਣਜਾ, ਕੁਨਾਲ ਕਟਾਰੀਆ, ਰਾਧੇਸ਼ਾਮ ਬਾਲਚੌਰ, ਸੁਰਿੰਦਰ ਕੁਮਾਰ ਚੂਹੜ੍ਹਪੁਰ, ਠੇਕੇਦਾਰ ਰਾਕੇਸ਼ ਭਾਟੀਆ ਗੋਲੂਮਾਜਰਾ,ਪਵਨ ਕੁਮਾਰ ਸੰਡੇਵਾਲ,ਸਰਪੰਚ ਜਤਿੰਦਰ ਜਿੰਦੂ, ਵੱਖ- ਵੱਖ ਪਿੰਡਾਂ ਦੇ ਪੰਚ-ਸਰਪੰਚ, ਰਾਜਨੀਤਕ ਆਗੂ ਤੇ ਸਮਾਜ ਸੇਵੀਆਂ ਵੱਲੋਂ ਸੋਨੂੰ ਚੌਧਰੀ ਦੀ ਅੰਤਿਮ ਅਰਦਾਸ ਮੌਕੇ ਸ਼ਾਮਿਲ ਹੋ ਕੇ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਪਰਿਵਾਰ ਵੱਲੋਂ ਵਿਧਾਇਕਾ ਸ਼ੰਤੋਸ ਕਟਾਰੀਆ ਵੱਲੋਂ ਉਨ੍ਹਾਂ ਦੇ ਨਾਲ ਦੁੱਖ ਦੀ ਘੜੀ ਵਿਚ ਸ਼ਾਮਿਲ ਹੋਣ ਲਈ ਪਹੁੰਚੀਆਂ ਸ਼ਖਸੀਅਤਾਂ ਦਾ ਧੰਨਵਾਦ ਕੀਤਾ ਗਿਆ।



# "ਪੰਜਾਬੀ ਦੀਆਂ ਯੱਬਲੀਆਂ"

ਸੱਚੀਂ ਬਾਅਲ਼ਾ ਹਾਸਾ ਆਉਂਦਾ ਓਹ ਬਚਪਨ ਦੀਆਂ ਗੱਲਾਂ ਯਾਦ ਕਰਕੇ।
ਪੈਰੀਂ ਪਾਈ ਚੱਪਲ ਦੀ ਮੂਹਰਲੇ ਪਾਸਿਓਂ ਜੇ ਵੱਧਰ ਦੀ ਹੇਠਿਓਂ ਡੂਡਕਣੀ ਜਿਹੀ ਟੁੱਟ ਜਾਣੀਂ ਤਾਂ ਪੱਗ 'ਚੋਂ ਕੱਢ ਪੱਗ ਪਿੰਨ ਫਸਾ ਦੇਣਾ। ਜੇ ਪੱਗ ਪਿੰਨ ਨਾ ਮਿਲਣਾ ਤਾਂ ਦੇਸੀ ਕਿੱਕਰ ਦੀ ਸੂਲ਼ ਅੜਾ ਦੇਣੀਂ।
ਖੇਡਦੇ ਕੁੱਦਦੇ ਜੇ ਨਿੱਕਰ ਦੀ ਇਲਾਸਟਿਕ ਟੁੱਟ ਜਾਣੀਂ ਤਾਂ ਸੀੜਾ ਲਪੇਟ ਲੈਣਾ।
ਕਮੀਜ਼ ਦਾ ਬਟਣ ਟੁੱਟ ਜਾਣਾਂ ਤਾਂ ਕਈ ਦਿਨ ਬਗਸੂਏ ਨਾ਼ਲ ਕੰਮ ਚਲਾਈ ਜਾਣਾਂ।
ਦੁਕਾਨਦਾਰਾਂ ਭਸ਼ਛ ਲਿਖੇ ਵਾ਼ਲੇ ਬੂਟ-ਚੱਪਲ ਨੂੰ ਬਾਟਾ ਦੀ ਆਖ ਵੇਚੀ ਜਾਣਾਂ। ਮਾਪੇ ਬੜੇ ਸ਼ੌਕ ਨਾ਼ਲ ਓਸ "ਬਾਟਾ" ਦੇ ਬ੍ਰਾਂਡ ਖਰੀਦ ਦੇ ਤੇ ਜਵਾਕ ਫੜਾਂ ਮਾਰਦੇ।
ਟੈਰੀਕਾਟ ਦਾ ਕੱਪੜਾ ਈ ਉਦੋਂ ਅੱਜ ਦੇ ਬ੍ਰਾਂਡਾਂ ਤੋਂ ਉੱਪਰ ਸੀ।
ਬਾਰਸ਼ਾਂ ਵਿਚ ਪਲਾਸਟਿਕ ਦੀ ਬੋਰੀ ਦਾ ਬਣਾਇਆ ਝੁੱਲੁ ਜਿਹਾ,ਛੱਤਰੀ ਤੋਂ ਵੱਧ ਕੰਮ ਦਿੰਦਾ ਸੀ। ਓਹਨੂੰ ਪਹਿਨ ਕੇ 'ਕੋਈ ਮਿਲ ਗਿਆ' ਫਿਲਮ ਦਾ,ਉਪਰਲੇ ਗ੍ਰਹਿ ਤੋਂ ਆਇਆ ਘੋਗੂ ਜਿਹਾ ਲੱਗਣਾ।
ਬਾਰਸ਼ਾਂ ਦੇ ਦਿਨਾਂ 'ਚ ਚੁੱਪ-ਚੁਪੀਤੇ ਗੁੜ ਘੋ਼ਲ ਦੇਣਾ। ਫਿਰ ਗੁਲਗੁਲੇ ਜਾਂ ਪੂੜੇ ਬਣਾਉਣੇ ਘਰ ਦੀਆਂ ਔਰਤਾਂ ਦੀ ਮਜ਼ਬੂਰੀ ਬਣ ਜਾਣੀਂ।
ਕੋਲਿਆਂ ਵਾ਼ਲੀ ਪ੍ਰੈਸ ਨਾ਼ਲ ਕੱਪੜਿਆਂ ਦੀਆਂ ਕਰੀਜਾਂ, ਤਲਵਾਰ ਦੀ ਧਾਰ ਵਾਂਗ ਤਿੱਖੀਆਂ ਕਰ ਦੇਣੀਆਂ।
ਐਤਵਾਰ ਨੂੰ ਸਭ ਤੋਂ ਵੱਧ ਦੁਖੀ,ਕੇਸੀ ਨਹਾਉਣਾ ਕਰਦਾ। ਟਲਣਾ ਬੜਾ,ਪਰ ਬੀਬੀ ਜਾਂ ਭੈਣ ਵਰਗੀਆਂ ਨੇ ਕਿਵੇਂ ਨਾ ਕਿਵੇਂ ਢਾਹ ਈ ਲੈਣਾ।
.......ਕੁਛ ਹੋਰ ਆ ਤਾਂ ਕਰੋ ਸਾਂਝਾ।

**-(ਜਸਵਿੰਦਰ ਪੰਜਾਬੀ)**

# ਬੰਦਿਆ, ਕਦੇ ਇਨਸਾਨ ਬਣ ਕੇ ਵੀ ਮਿਲ...

ਸੱਚ ਦੱਸਿਓ?? ਤੁਹਾਨੂੰ ਜਿੰਦਗੀ ਵਿੱਚ ਮਿਲੇ ਬੰਦਿਆਂ ਵਿੱਚੋਂ ਕਿੰਨ੍ਹਿਆਂ ਦੇ ਨਾਂ ਚੇਤੇ ਹਨ ਜੋ ਆਪਣੀ ਹਾਊਮੈ,ਹੰਕਾਰ,ਅਹੁਦੇ,ਕੁਰਸੀ,ਕਾਰਾਂ,ਕੋਠੀਆਂ,ਮਿੱਟੀ ਦੇ ਛੱਜ ਨੂੰ ਭੁੱਲ-ਭੁਲਾ ਕੇ ਮਿਲੇ ਹੋਣ। ਹੈ ਨਾ ਔਖਾ ਕੰਮ ? ਕਿਸੇ ਵਿਆਹ-ਸਾਦੀ 'ਚ ਚਾਰ ਦੋਸਤਾਂ-ਮਿੱਤਰਾਂ ਚ ਬੈਠੋ। ਹਜ਼ਾਰਾਂ ਵਾਲੇ ਲੱਖਾਂ ਦੀ,ਲੱਖਾਂ ਵਾਲੇ ਕਰੋੜਾਂ ਦੀ ਗੱਲ ਕਰਨਗੇ।ਇਹ ਵਿਆਹ 'ਚ ਵਰਤਾਏ ਜਾਂਦੇ ਪਾਣੀ ਦਾ ਅਸਰ ਹੈ ਜਾਂ ਹਾਊਮੈ ?? ਹਿੰਦਸਿਆਂ ਨਾਲ ਲਾਈਆਂ ਬਿੰਦੀਆਂ ਦੀ ਲੜੀ ਕਿੱਥੇ ਮੁੱਕਦੀ ਆ, ਉਤਲਾ ਹੀ ਜਾਣਦਾ ਹੈ।ਮਜ਼ਾਲ ਐ ਰੱਬ ਦੇ ਪੈਰ ਧਰਤੀ ਤੇ ਲੱਗਣ ਦੇਣ।ਅਸਮਾਨੀ ਉੱਡਦੇ ਬੰਦੇ ਨੂੰ ਰੋਕ ਕੇ ਕਿਵੇਂ ਪੁੱਛੀਏ??ਭਲੇਮਾਨਸ਼ਾ!! ਕਦੇ ਇਨਸਾਨ ਬਣ ਕੇ ਵੀ ਚਾਰ ਲੋਕਾਂ 'ਚ ਬੈਠਣਾ ਸਿੱਖ।

ਪਿੱਛੇ ਜਿਹੇ ਇੱਕ ਨਾ-ਮੁਰਾਦ ਬੀਮਾਰੀ ਨੇ ਦੁਨੀਆ ਚ ਤਰਥੱਲੀ ਮਚਾ ਦਿੱਤੀ।ਕੱਤੇ ਦੀ ਬੀਮਾਰੀ ਨਾਲੋ ਵੀ ਭੈੜੀ।ਬੰਦਾ,ਬੰਦਾ ਤੋਂ ਭੱਜਣ ਲੱਗਾ।ਕੁੱਝ ਇਸ ਬੀਮਾਰੀ ਚ ਭੰਗ ਦੇ ਭਾੜੇ ਤੁਰ ਗਏ।ਅਫਵਾਹਾਂ ਜਿਆਦਾ,ਸੱਚ ਘੱਟ। ਚੰਗਾ-ਮਾੜਾ ਵਕਤ,ਬੀਮਾਰੀ-ਠਮਾਰੀ ਆਉਂਦੀ ਰਹਿੰਦੀ ਹੈ।ਪਰ ਇਸ ਬੁਰੇ ਵਕਤ ਚ ਇਨਸਾਨ ਦੀ ਇਨਸਾਨੀਅਤ ਪਰਖੀ ਜਾਂਦੀ ਹੈ।ਰੱਬ ਦਾ ਰੂਪ ਸਮਝੇ ਜਾਂਦੇ ਕੁੱਝ ਡਾਕਟਰ ਮਾਮੂਲੀ ਖੰਘ ਜ਼ੁਕਾਮ ਵਾਲਿਆਂ ਨੂੰ ਵੀ ਕਰੋਨੇ ਦਾ ਭੈਅ ਦਿਖਾ ਕੇ ਡਰਾਉਂਦੇ ਰਹੇ।ਸਿਆਣੇ ਕਹਿੰਦੇ ਆ ,"ਕੋਈ ਜੀਵੇ,ਕੋਈ ਮਰੇ।ਸੁਥਰਾ ਘੋਲ ਪਤਾਸੇ ਪੀਵੇ।ਮਿੱਤਰਾਂ ਦੀ ਸਭਾ 'ਚ ਤੰਗਲੀ ਨਾਲ ਰੋਲੀ ਕਰੋੜਾਂ ਦੀ ਪਾਪ ਦੀ ਕਮਾਈ ਦਾ ਹੰਕਾਰ ਇੱਕ ਡਾਕਟਰ ਦੇ ਸਿਰ ਚੜ ਕੇ ਮੱਲੋਜ਼ੋਰੋ ਬੋਲ ਪਿਆ।ਕਾਸ਼!!ਬੰਦਿਆ,ਬੰਦਿਆਂ ਨੂੰ ਇਨਸਾਨ ਬਣ ਕੇ ਮਿਲਦਾ। ਪਰ ਉਹ ਰੱਬ ਦਾ ਰੂਪ ਡਾਕਟਰ ਨਹੀਂ, ਐਵੇਂ ਝੋਲਾ ਛਾਪ ਹੀ ਨਿਕਲਿਆ।

ਅੱਤ ਦੀ ਮਹਿੰਗਾਈ 'ਚ ਇਮਾਨਦਾਰੀ ਦੀ ਕਮਾਈ ਨਾਲ ਘਰ ਬਣਾਉਣਾ ਕਿਹੜਾ ਸੌਖਾ ਹੈ? ਸਾਰੀ ਉਮਰ ਮਰ ਖਪ ਕੇ ਆਪਣੀ ਲੋੜ੍ਹ ਜਾਂ ਹੈਸੀਅਤ ਅਨੁਸਾਰ ਛੋਟਾ-ਮੋਟਾ ਘਰ ਹਰ ਕੋਈ ਬਣਾਉਣਾ ਲੋਚਦਾ ਹੈ।ਕਿਸੇ ਦਾ ਸਿਰ ਢੱਕਣ ,ਅਮੀਰੀ-ਗਰੀਬੀ ਦੀ ਖਿੱਚੀ ਲੀਕ 'ਚ ਰੁਲ ਜਾਂਦੈ।ਪਰ ਘਰ ਆਏ ਮਹਿਮਾਨਾਂ ਦੀ ਖਿੜੇ ਮੱਥੇ ਸੇਵਾ ਕਰਨ ਵਾਲੇ ਇਨਸਾਨ ਦੀ ਸੇਵਾ ਭਾਵਨਾ ਉਦੋਂ ਖੂਹ ਖਾਤੇ ਪੈ ਜਾਂਦੀ ਐ, ਜਦੋਂ ਘਰ ਆਏ ਲੋਕ ਤੁਹਾਡੇ ਘਰ ਦੀਆਂ ਇੱਟਾਂ ਗਿਣਨ ਲੱਗ ਜਾਣ ।ਫੇਰ ਬੰਦਾ ਮਹਿਸੂਸ ਕਰਦਾ ਹੈ ਕਿ ਇਹ ਇਨਸਾਨ ਨਹੀਂ ਕਿਸੇ ਹੰਕਾਰੀ ਬੰਦੇ ਦੀ ਵੱਡੀ ਕੋਠੀ ਦੀਆਂ ਕੰਧਾਂ ਸਾਨੂੰ ਮਿਲਣ ਆਈਆਂ ਸਨ।

ਕੋਈ ਸਮਾਂ ਸੀ ਉਸਤਾਦ-ਸ਼ਗਿਰਦ ਦੀ ਪਰੰਪਰਾ ਦਾ ਬੋਲਬਾਲਾ ਸੀ।ਉਸਤਾਦ ਵੀ ਆਪਣੇ ਸ਼ਗਿਰਦਾਂ ਨੂੰ ਬੱਚਿਆਂ ਵਾਲਾ ਪਿਆਰ ਦਿੰਦੇ ਸਨ।ਇਹ ਪਰੰਪਰਾ ਸੀ ਵੀ ਬਹੁਤ ਹੀ ਮਾਣ-ਸਤਿਕਾਰ ਵਾਲੀ।ਸ਼ਗਿਰਦ ,ਉਸਤਾਦ ਨੂੰ ਪੂਰੇ ਮਾਣ ਤਾਨ ਨਾਲ ਪੱਗ ਦੇ ਕੇ ਸ਼ਗਿਰਦੀ ਪ੍ਰਾਪਤ ਕਰਦਾ ਸੀ।ਅੱਖੀ ਦੇਖਿਆ ਹੈ ਕਿ ਉਸਤਾਦ ਦੀ ਆਗਿਆ ਬਗੈਰ ਰਚਨਾ ਛਪਣ ਵਾਸਤੇ ਤਾਂ ਕੀ ਭੇਜਣੀ ਸੀ ਸਗੋਂ ਕਿਸੇ ਇੱਕਠ 'ਚ ਪੜ੍ਹਨ ਦੀ ਵੀ ਮਨਾਹੀ ਹੁੰਦੀ ਸੀ।ਉਸਤਾਦ ਲੋਕ ਇਸ ਪਰੰਪਰਾ ਰਾਹੀਂ ਆਪਣੇ ਵਰਗੇ ਅਨੇਕਾ ਬੂਟੇ ਲਾ ਜਾਂਦੇ ਸਨ ਜੋ ਅੱਗੇ ਸਾਹਿਤ ਦੀ ਸੇਵਾ ਕਰਦੇ ਸਨ।ਪਰ ਹੁਣ ਦੋਵੇਂ ਪਾਸਿਓ ਐਨ ਉਲਟ ਗੰਗਾ ਵਹਿੰਦੀ ਹੈ।ਕੌਣ ਗੁਰੂ,ਕੌਣ ਚੇਲਾ।ਪਰ ਅਹਿਮ ਗੱਲ ਇਹ ਹੈ ਕਿ ਕਿਸੇ ਨਵੇਂ ਨੂੰ ਸਿਰ ਚੁੱਕਣ ਦਾ ਮੌਕਾ ਨਹੀਂ ਮਿਲਦਾ।ਉੱਤੋਂ ਅਲਚੋਨਾ,ਨੁਕਸ ਕੱਢਣੇ ,ਆ-ਕਵੀ,ਆ-ਲੇਖਕ,ਆਕਵਿਤਾ ਹਰ ਤਰ੍ਹਾਂ ਦੀ ਸਨਮਾਨ ਵੱਟ ਤੇ ਪਏ ਹਨ।ਪਰ ਉਸਤਾਦ ਜਨੋਂ!!ਦੱਸੋ ਤੁਹ-ਾਡਾ ਕੀ ਘਸਦਾ ਜੇ ਕਿਸੇ ਨਵੇਂ ਨੂੰ ਸਿੱਧੇ ਰਾਹ ਪਾ ਦਿਉ।ਉਹਨਾਂ ਦੀ ਯੋਗ ਅਗਵਾਈ ਕਰ ਦਿਉ । ਹਰ ਵਕਤ ਧੌਣ ਆਕੜਾਈ ਰੱਖਦੇ ਓ,ਕਦੇ ਇਨਸਾਨ ਬਣਕੇ ਸੋਚੋ। ਇਹਨਾਂ ਨੂੰ ਵੀ ਗਲ ਲਾ ਲਵੋ ਇਹ ਕਿਹੜਾ ਬੇਗ-ਾਨੇ ਨੇ।

ਸਾਡੇ ਸਮਾਜ 'ਚ ਇੱਕ ਹੋਰ ਨਵੀਂ ਹੀ ਪ੍ਰਜਾਤੀ ਪੈਦਾ ਹੋ ਗਈ।ਸਭ ਦੇ ਦੇਖੇ-ਭਾਲੇ।ਹਰ ਗੱਲ,ਹਰ ਕੰਮ 'ਚ ਲੱਤ ਅੜਾਉਂਣੀ ਜਿਵੇਂ ਵਿਧਮਾਤਾ ਨੇ ਮੱਥੇ ਝਰੀਟ ਮਾਰ ਕੇ ਭੇਜੇ ਹੋਣ।ਸਮਝ ਗਏ ਹੋਵੋਗੇ??ਘੜੰਮ ਚੌਧਰੀ।ਕੋਈ ਸਮਾਂ ਸੀ ਚਾਰ ਸਿਆਣੇ ਬੰਦੇ ਜੇ ਕੋਈ ਫੈਸਲਾ ਕਰ ਦਿੰਦੇ ਸਨ ਤਾਂ ਮਜ਼ਾਲ ਐ ਕੋਈ ਉਲੰਘ ਜਾਵੇ।ਪਰ ਇਹ ਕੋਈ ਮੌਕਾ ਹੀ ਨਹੀਂ ਗਵਾਉਂਦੇ।ਇਹ ਧਰਤੀ ਹੇਠਲੇ ਬਲਦ ਸੋਚਦੇ ਆ ਸਾਡੇ ਬਿਨ੍ਹਾਂ ਇਹ ਚੰਗਾ ਕੰਮ ਕਿਵੇਂ ਹੋ ਗਿਆ।ਉਹ ਗੱਲ ਐ,"ਉਹ ਕਿਹੜੀ ਗਲੀ, ਜਿੱਥੇ ਭਾਗੋ ਨਹੀਂ ਖੜੀ।"ਇਹ ਹਰ ਕੰਮ 'ਚ ਚੌਧਰੀ ਬਣਦੇ ਹਨ।ਵਿਚਾਰਿਆਂ ਨੇ ਫਿਟਲਾਹਣਤਾਂ ਜੋ ਲੈਣੀਆਂ ਹੋਈਆਂ।ਇਹਨਾਂ ਦੀਆਂ ਇੱਕ- ਦੋ ਸਾਖਾਵਾਂ ਹੋਰ ਵੀ ਹਨ।ਜਿਵੇਂ ਕਿ ਭਾਨੀ ਮਾਰ,ਚੁਗਲਖ਼ੋਰ ।ਭਾਨੀ ਮਾਰ ਤਾਂ ਇਹਨਾਂ ਤੋਂ ਵੀ ਚਾਰ ਰੱਤੀਆਂ ਅੱਗੇ ਹਨ।ਮਜ਼ਾਲ ਕਿਸੇ ਦੇ ਧੀ -ਪੁੱਤ ਦਾ ਘਰ ਵਸਣ ਦੇਣ।ਓ ਭਰਾਵੋ!! ਵਸਦੇ ਰਹੋ।ਕਹਿੰਦੇ ਅਜਿਹੇ ਬੰਦਿਆਂ ਨੂੰ ਇਹੋ ਵਰ ਦੇਣਾ ਚਾਹੀਦਾ ਹੈ ਤਾਂ ਕਿ ਇਹਨਾਂ ਦੀ ਰਿਆਸਤ ਸੁੰਘੜੀ ਰਹੇ।

ਭਰਾਵੋ ਠੰਡੀ ਨਜ਼ਰ ਰੱਖਿਆ ਕਰੋ।ਇਨਸਾਨਾਂ ਵਾਲੀ ਕਤਾਰ 'ਚ ਆਉ।ਕਾਫੀ ਇੱਜਤ-ਮਾਣ ਮਿਲਦਾ ਹੈ। ਹਲਾਂ ਕਾਫੀ ਵੱਡੀ ਐ।ਆਉ ਇਸ ਨੂੰ ਇਹਨਾਂ ਸ਼ਬਦਾਂ ਨਾਲ ਸਮੇਟੀਏ।ਕਦੇ ਆਪਣੇ-ਆਪ ਨੂੰ ਸੰਸਾਰ,ਦੇਸ,ਪ੍ਰਦੇਸ ਛੱਡ ਆਪਣੇ ਪਿੰਡ/ਸ਼ਹਿਰ ਦੀ ਅਬਾਦੀ ਨਾਲ ਤਕਸੀਮ ਕਰਕੇ ਦੇਖੋ।ਬੱਸ ਇੱਕ ਬਿੰਦੂ ਤੋਂ ਵੱਧ ਆਪਣੀ ਹੋਂਦ ਲੱਭੇ ਤਾਂ ਦੱਸਣਾ।ਸੋ ਭਰਾਵਾ ਇਨਸਾਨਾਂ ਵਾਲੀ ਨਜ਼ਰ ਨਾਲ ਦੇਖ ,ਨਜ਼ਾਰੇ ਬਦਲ ਜਾਣਗੇ।



**ਫਲੇਲ ਸਿੰਘ ਸਿੱਧੂ**

# "ਦੀਪ ਕੋਟੜਾ ਵਾਲਾ" ਦੀਆਂ ਲਘੂ ਫਿਲਮਾਂ ਤੇ ਵੈੱਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾਂ ਦਾ ਵਿਸ਼ਾ ਬਣਦੀਆਂ ਹਨ

ਪੰਜਾਬੀ ਫਿਲਮ ਜਗਤ ਦੀ ਇਕ ਅਜਿਹੀ ਅਜ਼ੀਮ ਸਖਸ਼ੀਅਤ ਨਾਲ ਤੁਹਾਨੂੰ ਰੁਬਰੂ ਕਰਵਾਉਣ ਜਾ ਰਿਹਾ, ਜੋ ਸਮਾਜਿਕ ਤਾਲੀਮ ਹਾਸਿਲ ਕਰ ਤਕਰੀਬਨ 200 ਦੇ ਕਰੀਬ ਲਘੂ ਫ਼ਿਲਮ ਦਾ ਨਿਰਮਾਣ ਕਰ, ਇਕ ਚੰਗਾ ਲੇਖਕ, ਡਾਇਰੈਕਟਰ ਤੇ ਪ੍ਰੋਡਿਊਸਰ ਅਤੇ ਅਦਾਕਾਰੀ ਦੇ ਖੇਤਰ 'ਚ ਮੂਹਰਲੀ ਕਤਾਰ ਆਣ ਖੜ ਗਿਆਂ ।ਆਪਣਾ ਫਿਲਮੀ ਸਫ਼ਰ 2013 ਤੋ ਸੁਰੂ ਕੀਤਾ ਅੱਜ ਓਨਾਂ ਦੀਆਂ ਲਘੂ ਫਿਲਮਾਂ ਤੇ ਵੈੱਬਸੀਰੀਜ਼ ਮਿਲੀਅਨ ਵਿਊਜ਼ ਲੈ ਚਰਚਾ ਦਾ ਵਿਸ਼ਾ ਬਣੀਆਂ ਹੋਈਆਂ ਨੇ।ਪਰ ਓਨਾਂ ਦੇ ਸੁਪਨੇ ਚੱਲਦੇ- ਚੱਲਦੇ ਹੋਰ ਵੀ ਵੱਡੇ ਹੋ ਰਹੇ ਨੇ ਅਤੇ ਆਉਣ ਵਾਲੇ ਸਮੇ ਵਿਚ ਫ਼ਿਲਮ ਇੰਡਸਟ੍ਰੀਜ ਵਿਚ ਕੁਝ ਨਵਾਂ ਕਰਨ ਦੀ ਕਾਹਲ 'ਚ ਹਨ । ਓਨਾਂ ਦੀਆਂ ਫਿਲਮਾਂ ਦੇ ਵਿਸ਼ੇ ਸਮਾਜਿਕ ਵਰਤਾਰੇ ਨੂੰ ਪੇਸ਼ ਕਰਨ ਤੇ ਸਮਾਜ ਲਈ ਚਾਨਣ ਮੁਨਾਰੇ ਦਾ ਕੰਮ ਕਰਦੇ ਹਨ।







ਓਹਨਾਂ ਦੀਆਂ ਕੁਝ ਫਿਲਮਾਂ ਦਾ ਜਿਕਰ ਕਰਦੇ ਹਾਂ :- ਜਿਵੇ 'ਪੇਕੇ ਹੋਣ ਭਰਾਵਾਂ ਨਾਲ', ਮਾਂ ਤੇ ਮਾਂ ਵਿਚ ਫਰਕ, ਅਹਿਸਾਸ ਆਪਣਿਆ ਦਾ, ਦੂਜਾ ਵਿਆਹ, ਭੂਆ ਦੀ ਦੀਵਾਲੀ, ਧੀ ਦੀ ਬਰਬਾਦੀ, ਬੇਗਾਨੀ ਧੀ ਬੇਗਾਨੀ ਸੱਸ , ਰੱਖੜੀ ਦਾ ਮੁੱਲ, ਪੇਕੇ ਹੁੰਦੇ ਮਾਵਾਂ ਨਾਲ ਤੇ ਮਾਹੀ ਮੇਰਾ ਚੰਨ ਵਰਗਾ ਆਦਿ ਫਿਲਮਾਂ ਆਪਣਾ ਸ਼ੁਮਾਰ ਕਰਵਾਉਦੀਆਂ ਹਨ।

ਮੈ ਉਸ ਮਾਣਮੱਤੇ ਸੂਖਮ ਸੋਚ ਦੇ ਮਾਲਕ ਦੀ ਗੱਲ ਕਰਨ ਜਾ ਰਿਹਾ, ਜੋ ਪੰਜਾਬ ਦੇ ਜ਼ਿਲਾ ਬਠਿੰਡਾ ਦੇ ਪਿੰਡ 'ਕੋਟੜਾ ਕੌੜਾ' ਵਿਚ ਮਾਤਾ ਸ਼੍ਰੀਮਤੀ ਬਲਜੀਤ ਕੌਰ ਤੇ ਪਿਤਾ ਸ੍ਰ ਸੁਖਦੇਵ ਸਿੰਘ ਦੇ ਘਰ ਜਨਮੇ ਉਸ ਨੌਜਵਾਨ "ਪਰਦੀਪ ਸਿੰਘ" ਦੀ ਪਛਾਣ ਅੱਜ ਫ਼ਿਲਮ ਜਗਤ ਵਿੱਚ "ਦੀਪ ਕੋਟੜੇ ਵਾਲਾ" ਨਾਲ ਬਣੀ ਹੋਈ ਹੈ। ਬਚਪਨ ਤੋ ਐਕਟਿੰਗ ਦਾ ਸ਼ੌਕ ਰੱਖਣ ਵਾਲਾ ਨੌਜਵਾਨ,ਅੱਜ ਖੁਦ ਫ਼ਿਲਮ ਲੇਖਕ,ਡਾਇਰੈਕਟਰ,ਪ੍ਰੋਡਿਊਸਰ ਤੇ ਅਦਾਕਾਰੀ ਕਰ ਆਪਣੇ ਸੁਪਨੇ ਸਾਕਾਰ ਕਰਨ ਵਿਚ ਰੁਝਿਆ ਹੋਇਆਂ ਹੈ।



ਗੱਲਬਾਤ ਦੌਰਾਨ ਓਨਾਂ ਦੱਸਿਆਂ ਆਉਣ ਵਾਲੇ ਸਮੇ ਦੌਰਾਨ ਓਹ ਸੰਗੀਤ ਜਗਤ ਵਿਚ ਆਪਣਾ ਗੀਤ ਰੀਲੀਜ਼ ਕਰ, ਸੰਗੀਤ ਪ੍ਰੇਮੀਆਂ ਤੋ ਦਾਦ ਲੈਣ ਜਾ ਰਿਹਾ ।

ਯੂਟਿਊਬ " ਦੀਪ ਕੋਟੜੇ ਵਾਲਾ" ਤੇ ਚੱਲ ਰਹੀ ਉਸਦੀ ਲਘੂ ਫ਼ਿਲਮ "ਸੁਣ ਵੇ ਰੱਬਾ" ਦਰਸ਼ਕਾਂ ਵੱਲੋ ਖ਼ੂਬ ਪਸੰਦ ਕੀਤੀ ਜਾ ਰਹੀ ਹੈ। ਇਸ ਲਘੂ ਫ਼ਿਲਮ ਦੀ ਕਹਾਣੀ ਪ੍ਰਸਿੱਧ ਕਹਾਣੀਕਾਰ 'ਗੁਰਮੀਤ ਬਾਠ' ਵੱਲੋਂ ਲਿਖੀ ਗਈ ਹੈ। ਜੋ ਸਮਾਜਿਕ ਤਾਣੇ ਬਾਣੇ ਬਾਰੇ ਭਲੀਭਾਂਤ ਜਾਣੂ ਹਨ।ਇਸ ਲਘੂ ਫ਼ਿਲਮ ਨੂੰ ਡਾਇਰੈਕਟਰ, ਪ੍ਰੋਡਿਊਸਰ ਤੇ ਅਦਾਕਾਰ ਵਜੋ "ਦੀਪ ਕੋਟੜੇ ਵਾਲਾ" ਤੇ ਏਨਾਂ ਦੀ ਟੀਮ ਨੇ ਦਿਨ ਰਾਤ ਦੀ ਮਿਹਨਤ ਲਗਨ ਨਾਲ ਤਿਆਰ ਕੀਤਾ ਹੈ।

ਇਸ ਫ਼ਿਲਮ ਵਿਚ ਸਟਾਰ ਕਾਸਟ ਖੁਦ "ਦੀਪ ਕੋਟੜੇ ਵਾਲਾ",ਅਵਤਾਰ ਹਰੀਏ ਵਾਲਾ, ਕੁਲਦੀਪ ਦੋਸਾਂਝ,ਅਰਸ ਗਿੱਲ,ਜੈਜ ਕੌਰ,ਹਰਜੱਸ ,ਅਮਨ ਸੁਖਲਾਡਾ,ਸੁਖਪਾਲ ਸਿੰਘ,ਪੋਮੀ ਗਿੱਲ ਤੇ ਕਿਰਨਾ ਕੌਰ ਆਦਿ ਅਦਾਕਾਰੀ ਦੇ ਜੌਹਰ ਦਿਖਾਏ ਹਨ। ਕੈਮਰਾਮੈਨ "ਹੈਪੀ" ਵੱਲੋ ਖ਼ੂਬਸੂਰਤ ਦ੍ਰਿਸ਼ ਕੈਮਰੇ ਵਿਚ ਕੈਦ ਕਰ ਦਰਸ਼ਕਾਂ ਦੀ ਕਚਹਿਰੀ ਹਾਜ਼ਰ ਕੀਤੇ ਗਏ ਨੇ ਅਤੇ ਫਿਲਮ ਦਾ ਪੋਸਟਰ ਕੁਦਰਤ ਦੇ ਰੰਗਾਂ ਨੂੰ ਲੈ ਤਿਆਰ ਕੀਤਾ ਹੈ, ਡੀ.ਸੀ ਆਰਟਸ ਵੱਲੋ ਪ੍ਰਮਾਤਮਾ ਏਨਾਂ ਦੀ ਮਿਹਨਤ ਲਗਨ ਤੇ ਨਜ਼ਰ ਸਵੱਲੀ ਕਰੇ। ਇਹ ਬੁਲੰਦੀਆਂ ਛੂਹਣ ਦੁਆਵਾਂ। ਆਮੀਨ

**ਸ਼ਿਵਨਾਥ ਦਰਦੀ ਫ਼ਰੀਦਕੋਟ**
**ਫ਼ਿਲਮ ਜਰਨਲਿਸਟ**
**ਸੰਪਰਕ:-**
**9855155392**

# ਸਾਹਿਤ ਸਮਾਜ

18/03/2025

## ਕੰਜੂਸ

ਕੰਜੂਸ ਬਾਣੀਏ ਵਾਂਗੂ, ਮੇਰੀ ਪੁਰਾਣੇ ਕੱਪੜੇ ਹੰਡਾਉਣ ਦੀ ਆਦਤ,ਮੇਰੇ ਬੱਚਿਆਂ ਨੂੰ, ਰੱਤੀ ਭਰ ਵੀ ਪਸੰਦ ਨਹੀਂ। ਉਹਨਾਂ ਦੀ ਆਪਣੀ ਆਦਤ ਹਰ ਰੋਜ਼ ਨਵੇਂ ਨਵੇਂ ਕੱਪੜੇ ਪਾਉਣ ਦੀ ਹੈ। ਬੱਚੇ ਵਾਸਤੇ ਹਰ ਰੋਜ਼ ਕਿਸੇ ਨਾ ਕਿਸੇ ਵਧੀਆ ਕੰਪਨੀ ਦੇ ਕੱਪੜਿਆਂ ਦਾ ਪਾਰਸਲ ਮੰਗਾਉਂਦੇ ਹੀ ਰਹਿੰਦੇ ਹਨ। ਵੀਹ ਕੁ ਸਾਲ ਪਹਿਲਾਂ,ਮੈਂ ਬਾਟਾ ਦੇ ਖਰੀਦੇ ਬੂਟ ਵਿਆਹ ਵੇਲੇ ਦੇ,15 ਸਾਲ ਹੰਢਾਕੇ ਆਪਣੇ ਦਫਤਰ ਦੇ ਸਫਾਈ ਕਰਮਚਾਰੀ ਨੂੰ ਦੇ ਦਿੱਤੇ, ਉਸਨੇ ਵੀ ਕਈ ਸਾਲ ਹੰਡਾਏ। ਪਹਿਲਾਂ ਚੀਜ਼ਾਂ ਵੀ ਬਹੁਤ ਵਧੀਆ ਹੰਢਣਸਾਰ ਬਣਦੀਆਂ ਸਨ।

ਕੁਝ ਦਿਨ ਪਹਿਲਾਂ,ਛੋਟੇ ਬੇਟੇ ਨੇ ਮੈਨੂੰ ਸਰਦੀਆਂ ਵਾਲੇ ਦੋ ਕਮੀਜ਼ ਤੇ ਦੋ ਲੋਅਰ (ਪੈਂਟਾਂ) ਮਾਲ ਵਿੱਚੋਂ ਖਰੀਦ ਕੇ ਦਿੱਤੇ, ਨਾਲ ਤਾਕੀਦ ਕੀਤੀ ਕਿ ਇਹ ਹੁਣੇ ਤੋਂ ਪਾਉਣੇ ਹਨ,ਹੈਂਗਰਾਂ ਤੇ ਟੰਗ ਦਿੱਤੇ। ਕਈ ਦਿਨ ਮੈਂ ਉਹੀ ਪੁਰਾਣੇ ਕੱਪੜੇ ਵਾਰੀ-ਵੱਟੇ ਪਾਉਂਦਾ ਰਿਹਾ ਬੇਟਾ ਕਹਿੰਦਾ,ਨਵੇਂ ਕੱਪੜੇ ਕਿਉਂ ਨਹੀਂ ਪਾਉਂਦੇ? ਮੈਂ ਕਿਹਾ ਫਿਲਹਾਲ ਇਹੀ ਠੀਕ ਹਨ। ਉਸਨੇ ਇੱਕ ਪੁਰਾਣਾ ਕਮੀਜ ਚੁੱਕਿਆ,ਪਾੜ ਕੇ ਲੀਰੋ ਲੀਰ ਕਰ ਦਿੱਤਾ। ਮੈਨੂੰ ਬਹੁਤ ਦੁੱਖ ਹੋਇਆ, ਮੈਂ ਕਿਹਾ, "ਯਾਰ ਕਿਉਂ ਪਾੜ ਦਿੱਤੇ?" ਰਾਤ ਨੂੰ




ਪਾਉਣ ਦੇ ਕੰਮ ਆ ਜਾਂਦੇ ਸੀ। ਚਲੋ ਦਿਨ ਵਿਚ,ਮੈਂ ਨਵੇਂ ਕੱਪੜੇ ਪਾ ਲਿਆ ਕਰੂੰਗਾ। ਇਸ ਵਾਕਿਆਤ ਤੋਂ ਮੈਨੂੰ ਮੇਰੇ ਨਾਲ ਪਾਰਕ ਚ ਬੈਠਣ ਵਾਲੇ ਮਿੱਤਰ ਦੀ ਗੱਲ, ਜਿਹੜਾ ਆਪਣੇ ਪੁੱਤਰਾਂ ਨੂੰ ਅਕਸਰ ਕਹਿੰਦਾ ਰਹਿੰਦਾ ਹੈ, ਯਾਦ ਆਈ। "ਤੁਸੀਂ ਗਰੀਬ ਬਾਪ ਦੇ ਅਮੀਰ ਬੇਟੇ ਹੋ, ਜਦੋਂ ਕਮਾਓਗੇ, ਫਿਰ ਪਤਾ ਲੱਗੇਗਾ, ਤੁਹਾਨੂੰ ਕਿਵੇਂ ਪੜ੍ਹਾਇਆ ਹੈ। ਬੋਝੇ ਨੂੰ ਗੰਢਾਂ ਦੇ ਦੇ ਕੇ ਤੁਹਾਡੀਆਂ ਫੀਸਾਂ ਭਰੀਆਂ ਹਨ!"ਉਹ ਉਨ੍ਹਾਂ ਦੀਆਂ ਗੱਲਾਂ ਸੁਣ ਕੇ ਹੱਸਦੇ ਰਹਿੰਦੇ ਹਨ।ਜਿਸ ਨੂੰ ਵੀ ਮਿਲਦੇ ਹਾਂ, ਸਭ ਦੀ ਇਹ ਕਹਾਣੀ ਹੁੰਦੀ ਹੈ, ਕੀ ਅਮੀਰ, ਕੀ ਗਰੀਬ, ਸਭ ਦੀ ਸੋਚ ਪੈਸਾ ਜੋੜ ਜੋੜ,ਬੱਚਿਆਂ ਤੇ ਲਾ ਦੇਣਾ। ਹੁਣ ਦੀ ਪੀੜੀ,"ਖਾਓ ਪੀਓ ਐਸ਼ ਕਰੋ ਮਿੱਤਰੋ," ਵਾਲੀ ਹੈ।

ਮੇਰੇ ਉਪਰੋਕਤ ਮਿੱਤਰ, ਮੋਂਗਾ ਸਾਬ੍ਹ ਕਹਿੰਦੇ, ਮੈਂ ਬੈਂਕ ਦੇ ਵੱਡੇ ਵੱਡੇ ਅਹੁਦਿਆਂ ਤੇ ਕੰਮ ਕੀਤਾ। ਲੋਕਾਂ ਦੇ ਭਲੇ ਲਈ ਹਮੇਸ਼ਾ ਤਿਆਰ-ਬਰ- ਤਿਆਰ ਰਹਿੰਦਾ ਸੀ। ਕੰਜ਼ਿਊਮਰ ਕੋਰਟ ਵਿੱਚ ਮੈਂਬਰ ਵੀ ਰਿਹਾ। ਹਮੇਸ਼ਾ ਲੋਕ ਭਲਾਈ ਵੱਲ ਹੀ ਰੁਚੀ ਰਹੀ। ਨਾ ਕਦੀ ਰਿਸ਼ਵਤ ਲਈ, ਨਾ ਦਿੱਤੀ। ਬੱਚੇ ਪਰਮਾਤਮਾ ਦੀ ਮਿਹਰ ਨਾਲ ਬਹੁਤ ਵਧੀਆ ਸੈੱਟ ਹੋ ਗਏ। ਕਰੋੜਾਂ ਦੀ ਜਾਇਦਾਦ ਬਣਾ ਰੱਖੀ ਹੈ, ਦੋਨੋਂ ਬੇਟੇ ਚੰਗੇ ਅਹੁਦਿਆਂ ਤੇ ਹਨ। ਆਦਤਾਂ ਸਾਰੀਆਂ ਮੇਰੇ ਵਾਲੀਆਂ ਹੀ ਹਨ। ਮੋਗਾ ਸਾਬ੍ਹ, ਅਜੇ ਵੀ ਸੋਚੀ ਜਾਂਦੇ ਹਨ ਇਸ ਦੁਨੀਆ ਤੋਂ ਜਾਵਾਂ ਤਾਂ ਬੱਚਿਆਂ ਵਾਸਤੇ ਕਰੋੜਾਂ ਰੁਪਏ ਜੋੜ ਕੇ ਹੋਰ ਦੇ ਜਾਵਾਂ! ਤਮ੍ਹਾਂ ਨਹੀਂ ਮੁੱਕਦੀ।



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂ ਜਿਲਾ ਪਟਿਆਲਾ**

## ਦਿਲ ਤੇ ਦਿਮਾਗ

ਜੇ ਦਿਲ ਮੰਨਦਾ ਤਾਂ ਦਿਮਾਗ ਜਾਂਦਾ ਮੁਕਰ
ਦਿਮਾਗ ਦੀ ਹਾਮੀ ਨੂੰ ਦਿਲ ਜਾਂਦਾ ਕੁਤਰ।

ਅਜੀਬ ਜਿਹੀ ਅੰਦਰੂਨੀ ਚੱਲ ਰਹੀ ਜੰਗ
ਭਾਵਨਾਵਾਂ ਤੇ ਖਵਾਇਸ਼ਾਂ ਦੀ ਵੱਖ ਵੱਖ ਮੰਗ॥

ਕਿਸ ਦਾ ਸਾਥ ਦੇ ਕਿਸ ਤੋਂ ਪੱਲਾ ਲਵਾਂ ਛੁਡਾ
ਸਰੀਰ ਸਾਂਝਾ ਦਿਲ ਤੇ ਦਿਮਾਗ ਦੋਹੇ ਜੁਦਾ।

ਸੱਧਰਾਂ ਨੂੰ ਦਿਲ ਰੱਤ ਨਾਲ ਸਿੰਜ ਤੋੜ ਚੜ੍ਹਾਵੇ
ਦਿਮਾਗ ਆਪਣੀ ਸੂਝ ਬੂਝ ਤੇ ਰਣਨੀਤੀ ਪੜ੍ਹਾਵੇ॥

ਦਿਲ ਨੇ ਵੰਗਾਰ ਜ਼ਜ਼ਬਾਤਾਂ ਵਾਲਾ ਦਾਅ ਚਲਾਇਆ
ਦਿਮਾਗ ਨੇ ਨੀਤੀ ਘਾੜਾ ਬਣ ਦਿਲ ਨੂੰ ਸਮਝਾਇਆ।

ਨੈਣਾਂ ਦੀ ਵੰਡ ਸੁਣ ਸੁੰਨ ਹੋ ਗਈ ਸੀ ਰੂਹ
ਨਾ ਹੋਈ ਸਹਿਮਤੀ ਦੋਹਾਂ ਛੱਡੀ ਤਨ ਦੀ ਜੂਹ॥



ਸਮਾਜ ਵੀਕਲੀ ਨਿਊਜ਼

**ਸੁਰਿੰਦਰਪਾਲ ਸਿੰਘ**
**ਸ੍ਰੀ ਅੰਮ੍ਰਿਤਸਰ ਸਾਹਿਬ।**



# ਕਹਾਣੀ /ਜੜ੍ਹਾਂ ਦੀ ਮਿੱਟੀ

ਅੱਜਕੱਲ੍ਹ ਮੈਂ ਬਿਲਕੁਲ ਵਿਹਲਾ ਰਹਿੰਦਾ ਹਾਂ। ਪੂਰਾ ਦਿਨ ਮੈਂ ਆਪਣੇ ਲਈ ਕੰਮ ਦੀ ਤਲਾਸ਼ ਕਰਦਾ ਕਰਦਾ ਵਿਹਲਾ ਰਹਿ ਕੇ ਥੱਕ ਜਾਂਦਾ ਹਾਂ। ਸੂਰਜ ਉੱਗਣ ਤੋਂ ਪਹਿਲਾਂ ਜਾਗਦਾ ਹਾਂ ਤੇ ਫੇਰ, ਆਪਣੇ ਨਿੱਤਕਰਮ ਤੋਂ ਵਿਹਲਾ ਹੋ ਕੇ ਮੈਂ ਛੱਤ ਤੇ ਜਾਂਦਾ ਹਾਂ ਅਤੇ ਸੂਰਜ ਦੇ ਸੁਆਗਤ ਲਈ ਖੜ੍ਹਾ ਹੋ ਜਾਂਦਾ ਹਾਂ। ਸੂਰਜ ਆਪਣਾ ਸ਼ਾਨਦਾਰ ਨਾਰੰਗੀ ਰੰਗ ਦਾ ਸੋਹਣਾ ਜਿਹਾ ਮੁਖੜਾ ਲੈ ਕੇ ਹਾਜ਼ਰ ਹੁੰਦਾ ਹੈ ਅਤੇ ਮੁਸਕਰਾ ਕੇ ਮੈਨੂੰ ਸ਼ੁਭ ਸਵੇਰ ਕਹਿੰਦਾ ਹੈ। ਉਸ ਤੋਂ ਬਾਅਦ ਮੈਂ ਪੌੜੀਆਂ ਉੱਤਰ ਕੇ ਸਿੱਧਾ ਆਪਣੇ ਪੋਤਰੇ ਦੇ ਕਮਰੇ ਵਿੱਚ ਜਾਂਦਾ ਹਾਂ। ਉਹ ਸੌਂ ਰਿਹਾ ਹੁੰਦਾ ਹੈ। ਮੈਂ ਉਸ ਨੂੰ ਜਗਾਉਂਦਾ ਹਾਂ ਅਤੇ ਫੇਰ ਜਿਨ੍ਹਾਂ ਚਿਰ ਉਹ ਸਕੂਲ ਨਹੀਂ ਚਲਾ ਜਾਂਦਾ, ਮੈਂ ਉਸ ਦੇ ਪਿੱਛੇ ਪਿੱਛੇ ਉਸ ਨਾਲ ਛੋਟੀਆਂ ਛੋਟੀਆਂ ਸ਼ਰਾਰਤਾਂ ਕਰਦਾ ਘੁੰਮਦਾ ਰਹਿੰਦਾ ਹਾਂ। ਉਸ ਦੇ ਸਕੂਲ ਜਾਣ ਤੋਂ ਬਾਅਦ ਮੈਂ ਇੱਕ ਵਾਰ ਫੇਰ ਵਿਹਲਾ ਹੋ ਜਾਂਦਾ ਹਾਂ।

ਘਰ ਵਿੱਚ ਅਸੀਂ ਸਿਰਫ਼ ਪੰਜ ਜੀਅ ਹਾਂ। ਮੈਂ, ਮੇਰੀ ਪਤਨੀ ਮੇਰਾ ਬੇਟਾ, ਮੇਰੀ ਨੂੰਹ ਅਤੇ ਪੋਤਰਾ। ਬੇਟੇ ਦੇ ਕੰਮ ਤੇ ਜਾਣ ਤੋਂ ਬਾਅਦ ਮੇਰਾ ਸਫ਼ਰ ਸ਼ੁਰੂ ਹੁੰਦਾ ਹੈ। ਘਰ ਦੀਆਂ ਦੋਵੇਂ ਔਰਤਾਂ, ਸੱਸ ਨੂੰਹ ਆਪਣੇ ਛੋਟੇ ਛੋਟੇ ਕੰਮਾਂ ਵਿੱਚ ਰੁੱਝ ਜਾਂਦੀਆਂ ਹਨ ਅਤੇ ਫੇਰ ਮੈਂ ਇੱਕ ਕਮਰੇ ਤੋਂ ਦੂਜੇ ਕਮਰੇ ਪੌੜੀਆਂ ਰਾਹੀਂ ਹੁੰਦਾ ਛੱਤ ਉੱਤੇ ਜਾਂਦਾ ਹਾਂ ਅਤੇ ਕਦੇ ਉਤਰ ਕੇ ਲਾਅਨ ਵਿੱਚ ਚਲਾ ਜਾਂਦਾ ਹਾਂ। ਲਾਅਨ ਵਿੱਚ ਘਾਹ ਲੱਗਿਆ ਹੋਇਆ ਹੈ ਅਤੇ ਉਸ ਦੇ ਚਾਰੇ ਪਾਸੇ ਫਲਦਾਰ ਤੇ ਫੁੱਲਾਂ ਵਾਲੇ ਬੂਟੇ ਲੱਗੇ ਹੋਏ ਹਨ। ਬੇਟੇ ਦੇ ਸ਼ਹਿਰ ਵਿੱਚ ਨੌਕਰੀ ਮਿਲਣ ਸਾਰ ਹੀ ਉਸ ਨੇ ਸਾਰਾ ਪਰਿਵਾਰ ਸ਼ਹਿਰ ਵਿੱਚ ਸ਼ਿਫਟ ਕਰ ਲਿਆ ਸੀ ਤੇ ਹੌਲੀ ਹੌਲੀ ਕਰਕੇ ਪਿੰਡ ਨਾਲੋਂ ਵੀ ਰਿਸ਼ਤਾ ਟੁੱਟ ਜਿਹਾ ਗਿਆ । ਹੁਣ ਅਸੀਂ ਪਿੰਡ ਸਾਲ ਵਿੱਚ ਇੱਕ ਅੱਧ ਵਾਰ ਹੀ ਜਾਂਦੇ ਹਾਂ। ਕਿਸੇ ਦੇ ਮਰਨੇ - ਪਰਨੇ ਜਾਂ ਜਦੋਂ ਕਿਸੇ ਦੇ ਵਿਆਹ ਸ਼ਾਦੀ ਦਾ ਸੱਦਾ ਆਉਂਦਾ ਹੈ। ਬੇਟੇ ਅਤੇ ਨੂੰਹ ਨੂੰ ਪਿੰਡ ਨਾਲ ਕੋਈ ਬਹੁਤਾ ਮੋਹ ਨਹੀਂ ਹੈ । ਪਰ ਮੇਰਾ ਆਪਣੇ ਪਿੰਡ ਨਾਲ ਅੱਧੀ ਸਦੀ ਤੋਂ ਵੱਧ ਸਮੇਂ ਦਾ ਮੋਹ ਹੈ। ਮੈਨੂੰ ਲੱਗਦਾ ਹੈ ਕਿ ਆਪਣੇ ਪਿੰਡ ਦੀ ਮਿੱਟੀ ਨਾਲੋਂ ਮੋਹ ਟੁੱਟਣਾ ਕਾਫ਼ੀ ਮੁਸ਼ਕਲ ਹੈ। ਮੇਰਾ ਪਰਿਵਾਰ ਮੇਰੀ ਇਸ ਮਜਬੂਰੀ ਨੂੰ ਸਮਝਦਾ ਤਾਂ ਹੈ। ਪਰ ਉਨ੍ਹਾਂ ਦੀਆਂ ਆਪਣੀਆਂ ਵੀ ਮਜਬੂਰੀਆਂ ਹਨ।

ਮੌਸਮ ਬਦਲ ਰਿਹਾ ਹੈ ਗਰਮੀ ਲੱਗਭਗ ਖ਼ਤਮ ਹੋ ਚੁੱਕੀ ਹੈ ਪਰ ਠੰਡ ਸ਼ੁਰੂ ਹੋਣ ਵਿੱਚ ਅਜੇ ਕਾਫੀ ਦਿਨ ਬਾਕੀ ਹਨ। ਦਰੱਖਤਾਂ ਦੇ ਪੱਤੇ ਪੀਲੇ ਹੋਣ ਦੀ ਤਿਆਰੀ ਕਰ ਰਹੇ ਹਨ। ਮੈਨੂੰ ਇਹ ਰੁੱਤ ਵਧੀਆ ਲੱਗਦੀ ਹੈ। ਪੁਰਾਣੇ ਪੱਤੇ ਝੜਦੇ ਹਨ ਅਤੇ ਨਵੀਆਂ ਕਰੂੰਬਲਾਂ ਫੁੱਟਣ ਦੀ ਆਸ ਬੱਝਦੀ ਹੈ । ਮੇਰਾ ਅੱਧੇ ਦਿਨ ਦਾ ਸਫ਼ਰ ਖ਼ਤਮ ਹੋ ਚੁੱਕਿਆ ਹੈ ਅਤੇ ਬਾਕੀ ਅੱਧੇ ਦਿਨ ਦਾ ਸਫ਼ਰ ਤੈਅ ਕਰਨ ਲਈ ਮੈਂ ਲਾਅਨ ਵਿਚ ਆ ਜਾਂਦਾ ਹਾਂ। ਘਾਹ ਉੱਤੇ ਤੁਰਦਾ ਹੋਇਆ ਮੈਂ ਆਪਣੇ ਹੱਥੀਂ ਲਾਏ ਅਮਰੂਦਾਂ ਦੇ ਬੂਟੇ ਕੋਲ ਜਾਂਦਾ ਹਾਂ। ਮੈਂ ਹੈਰਾਨ ਹੁੰਦਾ ਹਾਂ, ਕਿਸੇ ਨੇ ਪਾਣੀ ਵਾਲੀ ਪਾਈਪ ਅਮਰੂਦਾਂ ਦੇ ਬੂਟੇ ਦੀ ਜੜ੍ਹ ਵਿੱਚ ਰੱਖ ਦਿੱਤੀ ਜਿਸ ਨਾਲ ਅਮਰੂਦਾਂ ਦੇ ਬੂਟੇ ਦੀ ਜੜ੍ਹ ਵਿੱਚੋਂ ਕਾਫ਼ੀ ਸਾਰੀ ਮਿੱਟੀ ਖੁਰ ਕੇ ਉਸ ਦੀਆਂ ਜੜ੍ਹਾਂ ਨੰਗੀਆਂ ਹੋ ਚੁੱਕੀਆਂ ਸਨ । ਮੈਂ ਆਸ ਪਾਸ ਕਹੀ ਲੱਭਦਾ ਹਾਂ ਪਰ ਮੈਨੂੰ ਨਹੀਂ ਮਿਲਦੀ। ਪਾਣੀ ਵਾਲੀ ਪਾਈਪ ਪਾਸੇ ਕਰਕੇ ਮੈਂ ਹੱਥਾਂ ਨਾਲ ਮਿੱਟੀ ਪੁੱਟ ਕੇ ਅਮਰੂਦ ਦੇ ਬੂਟੇ ਦੀਆਂ ਜੜ੍ਹਾਂ ਉੱਪਰ ਲਗਾਉਣ ਲੱਗਦਾ ਹਾਂ। ਗਿੱਲੀ ਮਿੱਟੀ ਨਾਲ ਮੇਰੇ ਪੂਰੇ ਹੱਥ ਲਿੱਬੜ ਜਾਂਦੇ ਹਨ ਅਤੇ ਕੁਝ ਛਿੱਟੇ ਕੱਪੜਿਆਂ ਉਪਰ ਵੀ ਪੈਂਦੇ ਹਨ। "ਕੀ ਕਰ ਰਹੇ ਓ ਪਾਪਾ?" ਪਿੱਛੋਂ ਮੇਰੀ ਨੂੰਹ ਆਵਾਜ਼ ਮਾਰਦੀ ਹੈ।

" ਕੁੱਝ ਨਹੀਂ! ਵੇਖੋ ਕਿਸੇ ਬੇਵਕੂਫ਼ ਨੇ ਪਾਣੀ ਵਾਲੀ ਪਾਈਪ ਅਮਰੂਦਾਂ ਦੇ ਬੂਟੇ ਦੀ ਜੜ੍ਹ ਵਿੱਚ ਰੱਖ ਦਿੱਤੀ ਸੀ ਜੜ੍ਹਾਂ ਦੀ ਸਾਰੀ ਮਿੱਟੀ ਖੁਰ ਚੱਲੀ ਸੀ। ਉਹ ਠੀਕ ਕਰ ਰਿਹਾ ਸਾਂ।"

" ਚਲੋ ਹੱਥ ਧੋ ਲਵੋ! ਚਾਹ ਤਿਆਰ ਹੈ।"

ਉਹ ਮੈਨੂੰ ਇਕ ਬੱਚੇ ਦੀ ਤਰ੍ਹਾਂ ਹੁਕਮ ਸੁਣਾਉਂਦੀ ਹੈ। ਮੈਂ ਹੈਰਾਨ ਅਤੇ ਖ਼ੁਸ਼ ਹੁੰਦਾ ਹਾਂ, ਉਸ ਦਾ ਆਪਣੇ ਬੇਟੇ ਅਤੇ ਮੇਰੇ ਪ੍ਰਤੀ ਇਕੋ ਜਿਹਾ ਵਿਵਹਾਰ ਹੁੰਦਾ ਹੈ। ਮੈਂ ਇੱਕ ਆਗਿਆਕਾਰ ਬੱਚੇ ਦੀ ਤਰ੍ਹਾਂ ਵਾਸ਼ਵੇਸ਼ਨ ਵੱਲ ਜਾਂਦਾ ਹਾਂ ਅਤੇ ਹੱਥ ਧੋ ਕੇ ਲਾਅਨ ਵਿਚ ਰੱਖੀ ਹੋਈ ਕੁਰਸੀ ਤੇ ਆ ਬਹਿੰਦਾ ਹਾਂ। ਮੇਰਾ ਪੋਤਰਾ ਸਕੂਲੋਂ ਆ ਚੁੱਕਾ ਹੈ। ਉਹ ਭੱਜ ਕੇ ਮੇਰੀ ਗੋਦ ਵਿੱਚ ਬੈਠ ਜਾਂਦਾ ਹੈ। " ਦਾਦੂ ਤੁਹਾਡੇ ਕੱਪੜਿਆਂ ਤੇ ਮਿੱਟੀ ਕਿਸ ਤਰ੍ਹਾਂ ਲੱਗੀ ਏ?" " ਤੇਰੇ ਦਾਦੂ ਮਿੱਟੀ ਨਾਲ ਖੇਡ ਰਹੇ ਸਨ।" ਮੇਰੀ ਪਤਨੀ ਹੱਸਦੀ ਹੋਈ ਕਹਿੰਦੀ ਹੈ। ਮੈਂ ਉਦਾਸ ਹੋ ਜਾਂਦਾ ਹਾਂ। ਅੱਧੀ ਸਦੀ ਤੋਂ ਪੁਰਾਣੇ ਮਿੱਟੀ ਨਾਲ ਖੇਡਣ ਦੇ ਬਚਪਨ ਦੇ ਦਿਨ ਯਾਦ ਆਉਂਦੇ ਹਨ। ਮੈਨੂੰ ਪਿੰਡ ਯਾਦ ਆਉਂਣ ਲੱਗਦਾ ਹੈ ਤੇ ਫੇਰ ਪਿੰਡ ਦੀਆਂ ਗਲੀਆਂ, ਖੇਤ, ਖਾਲ, ਛੱਪੜ ਨਹਿਰ ਦਾ ਪਾਣੀ ਤੇ ਸਫੈਦਿਆਂ ਦੀ ਠੰਡੀ ਛਾਂ ਅਤੇ ਕਦੇ ਵੀ ਨਾ ਭੁੱਲਣ ਵਾਲੀ ਮਿੱਟੀ ਦੀ ਮਹਿਕ, ਜਿਵੇਂ ਮੇਰੀਆਂ ਨਾਸਾਂ ਨਾਲ ਟਕਰਾਅ ਰਹੀ ਹੋਵੇ।

" ਆਪਾਂ ਪਿੰਡ ਕਦੋ ਜਾਣਾ?" ਮੈਂ ਆਪਣੀ ਪਤਨੀ ਨੂੰ ਸਵਾਲ ਕਰਦਾ ਹਾਂ। ਅਤੇ ਦੇਖਦਾ ਹਾਂ ਕਿ ਮੇਰੀ ਪਤਨੀ ਨੇ ਕੋਈ ਜਵਾਬ ਨਹੀਂ ਦਿੱਤਾ। ਮੈਨੂੰ ਲੱਗਿਆ ਜਿਵੇਂ ਮੇਰੀ ਗੱਲ ਨੂੰ ਅਣਸੁਣੀ ਕਰ ਦਿੱਤਾ ਗਿਆ। ਪਰ ਸ਼ਾਇਦ ਪਰਿਵਾਰ ਦੇ ਦੂਸਰੇ ਮੈਂਬਰਾਂ ਦੇ ਰੁਝੇਵੇਂ ਕੁਝ ਜ਼ਿਆਦਾ ਸਨ। ਇਸ ਕਰਕੇ ਉਨ੍ਹਾਂ ਨੇ ਮੇਰੀ ਗੱਲ ਨੂੰ



ਅਣਸੁਣਿਆ ਕਰ ਦਿੱਤਾ।

ਤੇ ਫੇਰ ਇਕ ਦਿਨ ਮੇਰੇ ਪੋਤਰੇ ਨੇ ਮੈਨੂੰ ਆ ਕੇ ਖ਼ਬਰ ਸੁਣਾਈ " ਦਾਦੂ ਆਪਾਂ ਦਿਵਾਲੀ ਤੇ ਪਿੰਡ ਜਾਵਾਂਗੇ।" ਯਕੀਨ ਮੰਨਿਓ ਮੇਰੇ ਪੋਤੇ ਤੋਂ ਜ਼ਿਆਦਾ ਖੁਸ਼ੀ ਮੈਨੂੰ ਹੋ ਰਹੀ ਸੀ। ਅੱਜ ਮੈਨੂੰ ਲੱਗਦਾ ਸੀ ਕਿ ਮੈਂ ਉਸ ਨਾਲੋਂ ਵੀ ਛੋਟੀ ਉਮਰ ਦਾ ਹੋਵਾਂ। ਸੱਚਮੁੱਚ ਮੈਨੂੰ ਬਹੁਤ ਜ਼ਿਆਦਾ ਚਾਅ ਚੜ੍ਹਿਆ ਹੋਇਆ ਸੀ। ਚਹਿਲ ਪਹਿਲ ਤਾਂ ਦਿਵਾਲੀ ਤੋਂ ਕਈ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦੀ ਹੈ। ਸਾਫ ਸਫਾਈਆ, ਸਜਾਵਟਾਂ, ਮਠਿਆਈਆਂ, ਤੋਹਫੇ ਤੇ ਨਵੇਂ ਕੱਪੜੇ ਤੇ ਹੋਰ ਪਤਾ ਨਹੀਂ ਕੀ ਕੀ। ਕਿੰਨੇ ਦਿਨ ਕਿੰਨੇ ਰੁਝੇਵੇਂ। ਮੇਰਾ ਪਰਿਵਾਰ ਵੀ ਬਿਲਕੁਲ ਉਵੇਂ ਹੀ ਰੁਝ ਗਿਆ ਦਿਵਾਲੀ ਦੀਆਂ ਤਿਆਰੀਆਂ ਚ। ਪਰ ਪਤਾ ਨਹੀਂ ਕਿਉਂ ਮੇਰੇ ਦਿਮਾਗ ਚ ਬਾਰ-ਬਾਰ ਉਹੀ ਗੱਲ ਆ ਰਹੀ ਸੀ ਕਿ ਇਸ ਵਾਰ ਦਿਵਾਲੀ ਤੇ ਪਿੰਡ ਜਾਵਾਂਗੇ। ਬਿਲਕੁਲ ਉਵੇਂ, ਜਿਵੇਂ ਗਰਮੀਆਂ ਦੀਆਂ ਛੁੱਟੀਆਂ ਤੋਂ ਪਹਿਲਾਂ ਹੀ ਨਿੱਕੇ ਬੱਚੇ ਸੋਚਣਾ ਸ਼ੁਰੂ ਕਰ ਦਿੰਦੇ ਹਨ ਕਿ ਇਸ ਵਾਰ ਅਸੀਂ ਛੁੱਟੀਆਂ ਮਨਾਉਣ ਕਿੱਥੇ ਜਾਣਾ ਹੈ। ਮੈਨੂੰ ਖੁਦ ਨੂੰ ਇਹ ਸਮਝ ਨਹੀਂ ਆ ਰਹੀ ਸੀ ਕਿ ਆਖਰ ਮੈਨੂੰ ਇੰਨੀ ਬੇਚੈਨੀ ਕਿਉਂ ਹੋ ਰਹੀ ਹੈ। ਪਰ ਇੱਕ ਗੱਲ ਤਾਂ ਪੱਕੀ ਸੀ ਕਿ ਸ਼ਹਿਰ ਆਉਣ ਤੋਂ ਬਾਅਦ ਸ਼ਾਇਦ ਪਿੰਡ ਵਿੱਚ ਮੇਰੀ ਪਹਿਲੀ ਦਿਵਾਲੀ ਹੋਵੇਗੀ। ਸਮਾਂ ਹੀ ਨਹੀਂ ਮਿਲਿਆ ਸੀ। ਜਿੰਦਗੀ ਦੀ ਭੱਜ ਦੌੜੀ ਇਨੀ ਜਿਆਦਾ ਸੀ ਉਸ ਵੇਲੇ । ਤੇ ਜਦੋਂ ਜਿੰਦਗੀ ਦੀ ਭੱਜ ਦੌੜ ਘੱਟ ਹੋਈ, ਉਦੋਂ ਤੱਕ ਤਾਂ ਸਾਰੇ ਰਿਸ਼ਤੇ ਵੀ ਚੁੱਪ ਹੋ ਚੁੱਕੇ ਸਨ। ਪਿੰਡ ਵਿੱਚ ਹੁਣ ਸਾਡਾ ਸੀ ਵੀ ਕੌਣ। ਇੱਕ ਚਾਚੇ ਦਾ ਘਰ ਸੀ। ਚਾਚਾ ਕਦੋਂ ਦਾ ਜਾ ਚੁੱਕਿਆ ਸੀ ਤੇ ਚਾਚੇ ਦੇ ਪੁੱਤ ਨਾਲ ਥੋੜੀ ਬਹੁਤ ਆਉਣੀ ਜਾਣੀ ਸੀ। ਤੇ ਸਮੇਂ ਮੁਤਾਬਿਕ ਹੁਣ ਉਹ ਮੋਹ ਪਿਆਰ ਦੀਆਂ ਤੰਦਾਂ ਵੀ ਤਾਂ ਕਮਜ਼ੋਰ ਪੈਂਦੀਆਂ ਜਾ ਰਹੀਆਂ ਸਨ। ਬਸ ਜਦੋਂ ਕਦੇ ਸਬੱਬੀ ਮੇਲ ਹੁੰਦਾ ਸੀ ਤਾਂ ਜਰੂਰ ਇੱਕ ਆਪਣਾਪਣ ਜਿਹਾ ਮਹਿਸੂਸ ਹੁੰਦਾ ਸੀ। ਨਹੀਂ ਤਾਂ ਕਿੰਨੇ ਸਾਲ ਹੋ ਗਏ ਕਦੇ ਫੋਨ ਤੇ ਵੀ ਤਾਂ ਗੱਲ ਨਹੀਂ ਸੀ ਹੋਈ।

" ਇਸ ਵਾਰ ਅਚਾਨਕ ਪਿੰਡ ਜਾਣ ਦਾ ਪ੍ਰੋਗਰਾਮ ਕਿਵੇਂ ਬਣ ਗਿਆ ਦਿਵਾਲੀ ਤੇ।" ਮੈਂ ਆਪਣੀ ਘਰਵਾਲੀ ਨੂੰ ਪੁੱਛਿਆ ਸੀ।

" ਮੋਨੀ ਦਾ ਫੋਨ ਆਇਆ ਸੀ ਪਿੰਡੋ। ਉਹ ਕਨੇਡਾ ਤੋਂ ਆਈ ਹੋਈ ਐ, ਆਪਣੇ ਜਵਾਕਾਂ ਨੂੰ ਨਾਲ ਲੈ ਕੇ।" ਮੇਰੇ ਘਰ ਵਾਲੀ ਨੇ ਮੇਰੇ ਚਾਚੇ ਦੀ ਧੀ ਦਾ ਨਾਮ ਲੈ ਕੇ ਮੈਨੂੰ ਦੱਸਿਆ।

"ਕੀ ਕਹਿੰਦੀ ਸੀ?"

" ਕਹਿੰਦੀ ਸੀ ਕਿ ਆ ਕੇ ਮਿਲ ਜਾਓ! ਨਾਲੇ ਬਾਈ ਨੂੰ ਮਿਲ ਲਵਾਂਗੇ। "

" ਚਲੋ ਇਹ ਵੀ ਵਧੀਆ ਹੋਇਆ ਨਾਲੇ ਉਹਨੂੰ ਮਿਲ ਲਵਾਂਗੇ ਤੇ ਨਾਲੇ ਪਿੰਡ ਦਿਵਾਲੀ ਦੇਖ ਲਵਾਂਗੇ ਆਪਾਂ। ਰਾਤ ਰਹਾਂਗੇ ਨਾ ਉੱਥੇ? " ਮੈਂ ਬੱਚਿਆਂ ਵਾਂਗ ਹੀ ਪੁੱਛਿਆ।

" ਰਾਤ ਰਹਿਣ ਨੂੰ ਕਿੱਥੇ ਥਾਂ। ਆਪਾਂ ਵੇਲੇ ਨਾਲ ਹੀ ਮੁੜ ਆਵਾਂਗੇ। ਆਥਣੇ ਦੀਵੇ ਵੀ ਤਾਂ ਲਾਉਣੇ ਆ ਘਰੇ ਆ ਕੇ। ਨਾਲੇ ਦਿਵਾਲੀ ਦੀ ਰਾਤ ਨੂੰ ਬਾਹਰ ਕੌਣ ਰਹਿੰਦਾ ਹੁੰਦਾ ਘਰੋਂ। "

" ਅੱਛਾ! ਤੇ ਫਿਰ ਆਪਾਂ ਪਿੰਡ ਵੀ ਦੀਵੇ ਲਾ ਕੇ ਆਵਾਂਗੇ? "

" ਪਿੰਡ ਕਿੱਥੇ ਦੀਵੇ ਲਾਉਣੇ ਆ? "

" ਪਿੰਡ ਸਮਾਧਾਂ ਤੇ ਦੀਵੇ ਲਾ ਆਉਂਦੇ ਨਾਲੇ ਗੁਰਦੁਆਰਾ ਸਾਹਿਬ। "

" ਦੇਖ ਲਾਂਗੇ! ਜੇ ਟਾਈਮ ਹੋਇਆ ਤਾਂ ਜਾ ਆਵਾਂਗੇ ਦਸ ਮਿੰਟ ਸਾਰੇ ਕਿਤੇ। "

ਕਾਹਲੀ ਕਰਦਿਆਂ ਕਰਦਿਆਂ ਵੀ ਪਿੰਡ ਪਹੁੰਚਦਿਆਂ ਨੂੰ 12 ਵੱਜ ਗਏ। ਸਭ ਤੋਂ ਪਹਿਲਾਂ ਚਾਚੇ ਜੱਗੇ ਦੇ ਘਰੇ ਪਹੁੰਚੇ ਤਾਂ ਮੇਲਾ ਲੱਗਿਆ ਹੋਇਆ ਸੀ। ਹੋਰ ਵੀ ਰਿਸ਼ਤੇਦਾਰ ਆਏ ਬੈਠੇ ਸੀ। ਮੋਨੀ ਮੈਨੂੰ ਜੱਫੀ ਪਾ ਕੇ ਮਿਲੀ ਮੇਰੇ ਤੋਂ 10 ਸਾਲ ਛੋਟੀ ਸੀ। ਪਰ ਉਸ ਨੂੰ ਦੇਖ ਕੇ ਲੱਗਦਾ ਨਹੀਂ ਸੀ ਕਿ ਉਹ ਮੇਰੇ ਤੋਂ ਸਿਰਫ 10 ਸਾਲ ਹੀ ਛੋਟੀ ਐ। ਉਹ ਮੇਰੇ ਤੋਂ ਅੱਧੀ ਉਮਰ ਦੀ ਲੱਗਦੀ ਸੀ। ਸ਼ਾਇਦ ਵਿਦੇਸ਼ ਚ ਰਹਿਣ ਦਾ ਫਰਕ ਨਜ਼ਰ ਆ ਰਿਹਾ ਸੀ। ਸੱਚਮੁੱਚ ਇਨੇ ਚਿਰਾਂ ਬਾਅਦ ਸਭ ਨੂੰ ਮਿਲ ਕੇ ਜੀਅ ਖੁਸ਼ ਹੋ ਗਿਆ। ਚਾਹ ਪਾਣੀ ਪੀਣ ਤੋਂ ਬਾਅਦ ਮੈਂ ਘਰਦਿਆਂ ਤੋਂ ਆਗਿਆ ਕੇ ਲੈ ਕੇ ਪਿੰਡ ਵਿੱਚ ਨਿਕਲ ਗਿਆ। ਪਿੰਡ ਦੀਆਂ ਗਲੀਆਂ ਚ ਲੰਘਦਿਆਂ ਬਚਪਨ ਦੀਆਂ ਉਹ ਯਾਦਾਂ ਤਾਜ਼ਾ ਹੋਈਆਂ। ਕੁਝ ਪੁਰਾਣੇ ਲੋਕ ਵੀ ਮਿਲੇ ਪਰ ਪਿੰਡ ਹੁਣ ਪਹਿਲਾਂ ਵਾਲਾ ਪਿੰਡ ਨਹੀਂ ਸੀ ਰਹਿ ਗਿਆ। ਬਹੁਤ ਕੁਝ ਬਦਲ ਚੁੱਕਿਆ ਸੀ ਪੁਰਾਣੇ ਘਰ ਨਵੀਆਂ ਕੋਠੀਆਂ ਵਿੱਚ ਬਦਲ ਚੁੱਕੇ ਸਨ ਲੋਕਾਂ ਉੱਪਰ ਸ਼ਹਿਰਦਾਰੀ ਹਾਵੀ ਹੋ ਚੁੱਕੀ ਸੀ ਗਲੀਆਂ ਵਿੱਚ ਕੋਈ ਜਵਾਕ ਖੇਡਦਾ ਨਹੀਂ ਸੀ ਦਿਖਾਈ ਦਿੱਤਾ ਸ਼ਾਇਦ ਮੋਬਾਇਲਾਂ ਨੇ ਬੱਚਿਆਂ ਦਾ ਬਚਪਨ ਕੈਦ ਕਰ ਲਿਆ ਸੀ। ਪੁਰਾਣੇ ਸਾਥੀਆਂ ਚੋਂ ਕੋਈ ਚਿਹਰਾ ਵਿਰਲਾ ਦਿਖਾਈ ਦਿੰਦਾ ਸੀ ਆਪਣੇ ਨਾਲੋਂ ਛੋਟੀ ਉਮਰ ਦੇ ਕੁਛ ਜਾਣ ਪਹਿਚਾਣ ਵਾਲੇ ਸੱਜਣ ਵੀ ਮਿਲੇ ਮਿਲ ਕੇ ਖੁਸ਼ੀ ਹੋਈ ਆਦਰ ਵੀ ਮਿਲਿਆ, ਚਾਹ ਪਾਣੀ ਦੀ ਸੁਲਾ ਵੀ ਮਾਰੀ ਗਈ ਪਰ ਫਿਰ ਵੀ ਕਿਤੇ ਨਾ ਕਿਤੇ ਕਿਸੇ ਖਾਸ ਚੀਜ਼ ਦੀ ਕਮੀ ਮਹਿਸੂਸ ਹੋ ਰਹੀ ਸੀ। ਇਹ ਪਿੰਡ ਹੁਣ ਮੇਰਾ ਪਿੰਡ ਨਹੀਂ ਸੀ ਰਹਿ ਗਿਆ ਮੈਂ ਇਸ ਪਿੰਡ ਦੇ ਘਰਾਂ ਲਈ, ਕੰਧਾਂ ਲਈ, ਗਲੀਆਂ ਲਈ, ਅਜਨਬੀ ਹੁੰਦਾ ਜਾ ਰਿਹਾ ਸਾਂ।

ਜਿਵੇਂ ਜਿਵੇਂ ਦਿਨ ਢਲਦਾ ਜਾ ਰਿਹਾ ਸੀ ਉਵੇਂ ਉਵੇਂ ਮੇਰੀ ਖੁਸ਼ੀ ਵੀ ਉਦਾਸੀ ਵਿੱਚ ਬਦਲਦੀ ਜਾ ਰਹੀ ਸੀ। ਪਿੰਡ ਦੇ ਚੜਦੇ ਵਾਲੇ ਪਾਸੇ ਤੋਂ ਚੱਲ ਕੇ ਮੈਂ ਛਿਪ ਦੇ ਵਾਲੇ ਪਾਸੇ ਵੱਲ ਜਾ ਰਿਹਾ ਸੀ। ਜਦੋਂ ਮੈਂ ਵਾਪਸ ਮੁੜਨ ਦਾ ਖਿਆਲ ਕੀਤਾ ਤਾਂ ਮੇਰੇ ਮਨ ਵਿੱਚ ਵਿਚਾਰ ਆਇਆ ਕਿ ਕਿਉਂ ਨਾ ਅੱਗੇ ਵੱਲ ਜਾਇਆ ਜਾਵੇ। ਛੱਪੜ ਦੇ ਕੰਢੇ, ਗੁਰਦੁਆਰਾ ਸਾਹਿਬ, ਡੇਰਾ ਤੇ ਪਿੰਡ ਦੀ ਮੋੜੀ ਗੱਡਣ ਵਾਲੇ ਬਾਬੇ ਦੀ ਸਮਾਧ ਦੇਖਣ ਦੀ ਮੇਰੀ ਇੱਛਾ ਪ੍ਰਬਲ ਹੋਣ ਲੱਗੀ। ਮੈਂ ਆਪਣੀ ਜੇਬ ਵਿੱਚੋਂ ਮੋਬਾਇਲ ਕੱਢਿਆ ਤੇ ਘਰਵਾਲੀ ਨੂੰ ਫੋਨ ਕਰਕੇ ਕਿਹਾ ਕਿ ਉਹ ਵਾਪਸ ਜਾਂਦੇ ਹੋਏ ਮੈਨੂੰ ਗੁਰਦੁਆਰਾ ਸਾਹਿਬ ਤੋਂ ਪਿੱਕ ਕਰ ਲੈਣ। ਫੋਨ ਕੱਟ ਕਰਕੇ ਮੈਂ ਆਪਣੀ ਜੇਬ ਵਿੱਚ ਪਾਇਆ ਤੇ ਹੌਲੀ ਹੌਲੀ ਗਲੀਆਂ ਵਿੱਚ ਤੁਰਦਾ ਹੋਇਆ ਪਿੰਡ ਦੇ ਛਿਪਦੇ ਪਾਸੇ ਵੱਲ ਜਾਣ ਲੱਗਾ। ਛੱਪੜ ਦੇ ਕਿਨਾਰੇ ਆ ਕੇ ਮੈਂ ਇੱਕ ਪਲ ਲਈ ਠਹਿਰਿਆ ਛੱਪੜ ਦਾ ਪਾਣੀ ਹੁਣ ਪਹਿਲਾਂ ਵਾਂਗ ਨਹੀਂ ਸੀ, ਕਾਫੀ ਗੰਦਾ ਹੋ ਗਿਆ ਲੱਗਦਾ ਸੀ। ਉੱਥੇ ਮੈਂ ਬਹੁਤਾ ਸਮਾਂ ਨਾ ਠਹਿਰ ਸਕਿਆ ਤੇ ਗੁਰਦੁਆਰਾ ਸਾਹਿਬ ਦੇ ਵੱਡੇ ਗੇਟ ਅੰਦਰ ਦਾਖਲ ਹੋਇਆ। ਪੁਰਾਣੇ ਗੁਰਦੁਆਰਾ ਸਾਹਿਬ ਦਾ ਨਾਮ ਨਿਸ਼ਾਨ ਬਾਕੀ ਨਹੀਂ ਸੀ ਬਚਿਆ। ਨਵਾਂ ਤੇ ਵੱਡਾ ਦਰਬਾਰ ਹਾਲ ਜੋ ਕਿ ਕਾਫੀ ਸ਼ਾਨਦਾਰ ਸੀ ਬਣਿਆ ਹੋਇਆ ਸੀ। ਮੈਂ ਪੌੜੀਆਂ ਚੜ ਕੇ ਦਰਬਾਰ ਹਾਲ ਵਿੱਚ ਦਾਖਲ ਹੋਇਆ। ਦਰਬਾਰ ਹਾਲ ਵਿੱਚ ਕੋਈ ਵੀ ਨਹੀਂ ਸੀ, ਹਾਲਾਂਕਿ ਚਾਰੇ ਪਾਸੇ ਸ਼ਾਨਦਾਰ ਸਜਾਵਟ ਕੀਤੀ ਹੋਈ ਸੀ। ਫਰਸ਼ ਉੱਪਰ ਗੱਦੇ ਲੱਗੇ ਹੋਏ ਸਨ ਅਤੇ ਉੱਪਰ ਸਾਫ ਚਾਦਰ ਵਿਛਾਈ ਹੋਈ ਸੀ। ਮੈਂ ਮੱਥਾ ਟੇਕ ਕੇ ਚਾਰੇ ਪਾਸੇ ਵੱਲ ਨਜ਼ਰ ਘੁਮਾਈ ਤੇ ਫਿਰ ਦਿਲ ਕੀਤਾ ਕਿ ਉੱਥੇ ਹੀ ਬੈਠ ਜਾਵਾਂ। ਸਪੀਕਰ ਉੱਪਰ ਸ਼ਬਦ ਗੁਰਬਾਣੀ ਦਾ ਕੀਰਤਨ ਚਲਾਇਆ ਜਾ ਰਿਹਾ ਸੀ। ਮੈਂ ਕੰਧ ਦਾ ਢੋਅ ਲਾ ਕੇ ਉੱਥੇ ਹੀ ਬੈਠ ਗਿਆ ਮੇਰੇ ਮਨ ਉੱਪਰ ਛਾਇਆ ਉਦਾਸੀ ਦਾ ਪਰਛਾਵਾਂ ਘਟਣ ਲੱਗਾ। ਮੈਨੂੰ ਲੱਗਿਆ ਕਿ ਮੈਂ ਕਾਫੀ ਲੰਬੇ ਸਮੇਂ ਤੱਕ ਅੱਖਾਂ ਬੰਦ ਕਰਕੇ ਬੈਠਾ ਰਿਹਾ ਸਾਂ ਜਾਂ ਸ਼ਾਇਦ ਮੈਨੂੰ ਨੀਂਦ ਆ ਗਈ ਹੋਵੇ। ਫਿਰ ਮੈਨੂੰ ਕਿਸੇ ਨੇ ਇਕਦਮ ਆਣ ਕੇ ਹਲੂਣਿਆ। ਮੇਰਾ ਪੋਤਾ ਮੇਰੇ ਮੋਢੇ ਕੋਲ ਖੜਾ ਸੀ।

" ਆਓ ਚੱਲੀਏ ਹੁਣ!" ਮੇਰੀ ਪਤਨੀ ਦੀ ਆਵਾਜ਼ ਮੇਰੇ ਕੰਨਾਂ ਨਾਲ ਟਕਰਾਉਂਦੀ ਹੈ। ਮੈਂ ਅੱਖਾਂ ਖੋਲਦਾ ਹਾਂ, ਅਤੇ ਖੜਾ ਹੋ ਕੇ ਦਰਬਾਰ ਹਾਲ ਵਿੱਚੋਂ ਬਾਹਰ ਨਿਕਲਦਾ ਹਾਂ। ਦਿਨ ਢਲ ਚੁੱਕਾ ਸੀ। ਮੇਰੇ ਪਰਿਵਾਰ ਦੇ ਚਿਹਰਿਆਂ ਤੇ ਕਾਹਲੀ ਦੇ ਨਿਸ਼ਾਨ ਸਾਫ ਦਿਖਾਈ ਦੇ ਰਹੇ ਸੀ।

" ਚਲੋ ਵੀ ਹੁਣ! ਘਰੇ ਵੀ ਤਾਂ ਜਾਣਾ।" ਮੇਰੀ ਪਤਨੀ ਨੇ ਦੁਬ-ਾਰਾ ਮੈਨੂੰ ਠਕੋਰਿਆ।

" ਦੀਵੇ ਲਾ ਤੇ?" ਮੈਂ ਉਸ ਨੂੰ ਦੁਬਾਰਾ ਪੁੱਛਿਆ।

" ਆਹੋ! ਦੀਵੇ ਦੇ ਦਿੱਤੇ। ਇਹ ਭਾਈ ਜੀ ਆਪੇ ਲਗਾ ਦੇਣਗੇ। ਆਪਾਂ ਚੱਲੀਏ ਹੁਣ।"

ਗੁਰਦੁਆਰਾ ਸਾਹਿਬ ਚੋਂ ਨਿਕਲ ਕੇ ਮੈਂ ਡੇਰੇ ਵੱਲ ਨੂੰ ਹੋ ਤੁਰਿਆ। ਡੇਰੇ ਪਹੁੰਚ ਕੇ ਅਸੀਂ ਮੱਥਾ ਟੇਕਿਆ।

" ਮੈਨੂੰ ਦੋ ਕੁ ਦੀਵੇ ਦੇਹ! "

" ਕੀ ਕਰਨੇ ਐ?"

" ਔਹ ਸਾਹਮਣੇ ਖੂਹ ਤੇ ਲਾ ਕੇ ਆਉਣੇ ਐ। "

" ਤੁਸੀਂ ਹੁਣ ਬਾਅਲਾ ਲੇਟ ਨਾ ਕਰੀ ਜਾਓ। ਆਪਾਂ ਘਰੇ ਵੀ ਪਹੁੰਚਣਾ। "

" ਨਹੀਂ ਮੈਂ ਲੇਟ ਨਹੀਂ ਕਰਦਾ! ਤੁਸੀਂ ਗੱਡੀ ਲੈ ਕੇ ਆਓ। ਮੈਂ ਸਾਹਮਣੇ ਸਕੂਲ ਵਾਲੇ ਮੋੜ ਤੇ ਤੁਹਾਨੂੰ ਮਿਲਦਾ ਹਾਂ ।"

" ਦਾਦੂ ਮੈਂ ਵੀ ਨਾਲ ਚੱਲੂਗਾ!" ਮੇਰੇ ਪੋਤਰਾ ਮੇਰੇ ਪਿੱਛੇ ਆਉਣ ਲੱਗਾ।

" ਆਜਾ ਚਲੀਏ! ਤੁਸੀਂ ਗੱਡੀ ਲੈ ਕੇ ਆਓ। " ਮੈਂ ਆਪਣੀ ਘਰਵਾਲੀ ਨੂੰ ਇਸ਼ਾਰਾ ਕੀਤਾ। ਡੇਰੇ ਚੋਂ ਖੂਹ ਵਾਲੇ ਪਾਸੇ ਨੂੰ ਉੱਤਰਦਿਆਂ ਮੈਨੂੰ ਮਹਿਸੂਸ ਹੋਇਆ ਕਿ ਹੁਣ ਡੇਰਾ ਪਹਿਲਾਂ ਜਿੰਨਾ ਉੱਚਾ ਨਹੀਂ ਰਿਹਾ ਜਾਂ ਸ਼ਾਇਦ ਡੇਰੇ ਦਾ ਆਲਾ ਦੁਆਲਾ ਹੀ ਜਿਆਦਾ ਉੱਚਾ ਹੋ ਗਿਆ ਹੋਵੇ। ਇੱਕ ਸਮਾਂ ਹੁੰਦਾ ਸੀ ਜਦੋਂ ਇਸ ਬੰਦ ਪਏ ਖੂਹ ਦੇ ਆਲੇ ਦੁਆਲੇ ਰੌਣਕਾਂ ਲੱਗੀਆਂ ਹੁੰਦੀਆਂ ਸਨ। ਪਿੱਪਲ ਬੋਹੜ ਤੇ ਨਿੰਮ ਦੇ ਕਿੰਨੇ ਹੀ ਦਰਖਤ ਇਸ ਖੂਹ ਦੇ ਆਲੇ ਦੁਆਲੇ ਲੱਗੇ ਹੋਏ ਸਨ ਪਰ ਹੁਣ ਉੱਥੇ ਸਿਰਫ ਇੱਕ ਦਰਖਤ ਉਦਾਸ ਜਿਹਾ ਖੜਾ ਲੱਗਿਆ। ਮੈਂ ਖੂਹ ਦੇ ਇੱਕ ਪਾਸੇ ਤੇ ਇਲੈਕਟਰੋਨਿਕ ਦੀਵਾ ਰੱਖਿਆ ਤੇ ਉਸ ਦਾ ਬਟਨ ਦੱਬ ਦਿੱਤਾ। ਮੈਥੋਂ ਜਿਵੇਂ ਉਥੇ ਖੜਿਆ ਨਹੀਂ ਸੀ ਜਾ ਰਿਹਾ। ਖੂਹ ਤੋਂ 50 ਕੁ ਕਦਮਾਂ ਦੀ ਦੂਰੀ ਤੇ ਪਿੰਡ ਦਾ ਸਕੂਲ ਸੀ। ਇਹ ਉਹੀ ਸਕੂਲ ਸੀ ਜਿੱਥੇ ਕਦੇ ਅਸੀਂ ਊੜਾ ਆੜਾ ਪੜਨਾ ਤੇ ਲਿਖਣਾ ਸਿੱਖਿਆ ਸੀ। ਕਿੰਨਾ ਪਿਆਰਾ ਸਮਾਂ ਹੁੰਦਾ ਸੀ, ਨਾ ਕੋਈ ਫਿਕਰ, ਨਾ ਕੋਈ ਫਾਕਾ। ਗਲ ਵਿੱਚ ਬਸਤਾ ਹੱਥ ਵਿੱਚ ਫੱਟੀ, ਹਾਥੀਆਂ ਵਾਂਗ ਝੂਲਦੇ ਸਕੂਲ ਪਹੁੰਚਦੇ। ਨਾ ਕੋਈ ਲੇਟ ਹੋਣ ਦਾ ਫਿਕਰ ਹੁੰਦਾ ਸੀ। ਘਰੋਂ ਖਾਲੀ ਖਲ ਵਾਲੀਆਂ ਬੋਰੀਆਂ ਜਾ ਰੇਹ ਵਾਲੇ ਖਾਲੀ ਗੱਟੇ ਨਾਲ ਲੈ ਕੇ ਆਉਣੇ ਤੇ ਉਹੀ ਵਿਛਾ ਕੇ ਬੈਠਣਾ। ਛੱਪੜ ਦੇ ਕਿਨਾਰੇ ਬੈਠ ਕੇ ਫੱਟੀਆਂ ਪੋਚਣਾ। ਨਿੱਕੀਆਂ ਨਿੱਕੀਆਂ ਸ਼ਰਾਰਤਾਂ ਲੜਾਈ ਝਗੜੇ, ਛੱਪੜ ਵਿੱਚ ਚੁੱਭੀਆਂ ਮਾਰ ਕੇ ਨਹਾਉਣਾ। ਸਾਰੀਆਂ ਗੱਲਾਂ ਇੱਕ ਇੱਕ ਕਰਕੇ ਯਾਦ ਆਉਣ ਲੱਗੀਆਂ। ਸਾਹਮਣੇ ਸਕੂਲ ਦੀ ਚਾਰ ਦਵਾਰੀ ਦੇ ਉੱਪਰੋਂ ਦੋ ਮੰਜਲੀ ਨਵੀਂ ਇਮਾਰਤ ਦਿਖਾਈ ਦੇ ਰਹੀ ਸੀ। ਸਕੂਲ ਦੀ ਇਮਾਰਤ ਉੱਪਰ ਲੱਗੀ ਝਿਲਮਿਲ ਕਰਦੀ ਦੀਪਮਾਲਾ ਸੋਹਣੀ ਲੱਗ ਰਹੀ ਸੀ। ਮੋੜ ਤੇ ਜਾ ਕੇ ਚਾਰ ਦਵਾਰੀ ਦੀ ਕੰਧ ਉਪਰ ਲਿਫਾਫੇ ਵਿੱਚੋਂ ਕੱਢ ਕੇ ਦੀਵਾ ਰੱਖਦਿਆਂ ਇੱਕ ਵਾਰ ਫਿਰ ਮਾਣ ਜਿਹਾ ਮਹਿਸੂਸ ਹੋਇਆ।

ਹਨੇਰਾ ਹੋਣ ਹੀ ਵਾਲਾ ਸੀ। ਗੱਡੀ ਆ ਕੇ ਸਕੂਲ ਦੇ ਗੇਟ ਕੋਲ ਖੜ ਗਈ ਸੀ। ਪੋਤਰਾ ਭੱਜ ਕੇ ਗੱਡੀ ਵਿੱਚ ਵੜ ਚੁੱਕਾ ਸੀ। ਮੈਂ ਅੱਗੇ ਵਧ ਕੇ ਗੱਡੀ ਦੀ ਬਾਰੀ ਖੋਲੀ। ਗੱਡੀ ਵਿੱਚ ਬੈਠਣ ਤੋਂ ਪਹਿਲਾਂ ਇੱਕ ਵਾਰ ਸਕੂਲ ਦੇ ਵੱਲ ਜੀਅ ਭਰਕੇ ਤੱਕਣ ਨੂੰ ਦਿਲ ਕੀਤਾ। ਜਦੋਂ ਮੈਂ ਘੁੰਮ ਕੇ ਦੁਬਾਰਾ ਸਕੂਲ ਵੱਲ ਦੇਖਿਆ ਤਾਂ ਮੇਰੇ ਪੈਰਾਂ ਹੇਠੋਂ ਜਮੀਨ ਨਿਕਲ ਗਈ। ਜਿਵੇਂ ਮੇਰੀਆਂ ਅੱਖਾਂ ਅੱਗੇ ਹਨੇਰਾ ਆ ਗਿਆ ਹੋਵੇ। ਸਕੂਲ ਦੇ ਵਿਹੜੇ ਵਿੱਚ ਲੱਗਿਆ ਪਿੱਪਲ ਦਾ ਰੁੱਖ ਦਿਖਾਈ ਨਹੀਂ ਦੇ ਰਿਹਾ ਸੀ। ਇਹ ਉਹੀ ਪਿੱਪਲ ਦਾ ਰੁੱਖ ਸੀ ਜਿਸਦੀਆਂ ਜੜਾਂ ਵਿੱਚ ਪਾਣੀ ਦੀਆਂ ਬਾਲਟੀਆਂ ਭਰ ਭਰ ਅਸੀਂ ਇਸ ਨੂੰ ਸਿੰਜਿਆ ਸੀ। ਇਹ ਉਹੀ ਰੁੱਖ ਸੀ ਜਿਸ ਦੇ ਪੱਤੇ ਪੱਤੇ ਨਾਲ ਸਾਡੀ ਬਚਪਨ ਦੀ ਸਾਂਝ ਜੁੜੀ ਹੋਈ ਸੀ। ਉਹ ਰੁੱਖ ਜਿਸ ਦੀ ਛਾਵੇਂ ਬੈਠ ਕੇ ਅਸੀਂ ਉੱਚੀ ਉੱਚੀ ਪਹਾੜੇ ਗਾਇਆ ਕਰਦੇ ਸੀ। ਉਹ ਰੁੱਖ ਜਿਸ ਦੀ ਛਾਂ ਹੇਠਾਂ ਕਦੇ ਸਾਨੂੰ ਮਾਸਟਰ ਜੀ ਕੰਨ ਫੜਾ ਕੇ ਡੰਡੇ ਲਾਇਆ ਕਰਦੇ ਸੀ। ਮੈਨੂੰ ਲੱਗਿਆ ਸ਼ਾਇਦ ਮੈਨੂੰ ਭੁਲੇਖਾ ਲੱਗਿਆ ਹੋਵੇ। ਮੈਂ ਦੁਬਾਰਾ ਗਹੁ ਨਾਲ ਤੱਕਿਆ। ਸਾਫ ਅਸਮਾਨ ਦਿਖਾਈ ਦੇ ਰਿਹਾ ਸੀ। ਗੱਡੀ ਦੀ ਤਾਕੀ ਖੁੱਲੀ ਹੋਈ ਸੀ। ਮੈਂ ਇੱਕਦਮ ਸੀਟ ਤੇ ਬੈਠ ਗਿਆ ਮੈਨੂੰ ਲੱਗਿਆ ਮੈਂ ਬੈਠਾ ਨਹੀਂ ਸੀ, ਮੈਂ ਡਿੱਗਿਆ ਸੀ। ਗੱਡੀ ਘਰ ਵੱਲ ਦੌੜ ਰਹੀ ਸੀ। ਮੈਂ ਚੁੱਪ ਚਾਪ ਪਿੱਛੇ ਵੱਲ ਸਿਰ ਸੁੱਟ ਕੇ ਬੈਠ ਗਿਆ। ਅੱਜ ਵਰ੍ਹਿਆਂ ਪਿੱਛੋਂ ਪਿੰਡ ਤੱਕਿਆ ਸੀ।ਪਿੰਡ ਵਿੱਚ ਮੈਨੂੰ ਮੇਰਾ ਪਿੰਡ ਨਜ਼ਰ ਨਹੀਂ ਆਇਆ ਸੀ। ਮੈਨੂੰ ਲੱਗਿਆ ਮੈਨੂੰ ਨੀਂਦ ਆ ਗਈ ਹੈ। ਸੁਪਨਾ ਆ ਰਿਹਾ ਹੈ..........

" ਅਮਰੂਦ ਦੀਆਂ ਜੜ੍ਹਾਂ ਵਿੱਚ ਰੱਖੀ ਪਾਣੀ ਦੀ ਪਾਈਪ ਚੋਂ ਪਾਣੀ ਵਗ ਰਿਹਾ ਹੈ, ਮਿੱਟੀ ਖੁਰ ਰਹੀ ਹੈ। ਅਮਰੂਦ ਦਾ ਬੂਟਾ ਅਗਲੇ ਪਲ ਪਿੱਪਲ ਦਾ ਵੱਡਾ ਰੁੱਖ ਨਜਰ ਆਉਣ ਲੱਗਿਆ। ਮੈਨੂੰ ਲੱਗਦਾ ਹੈ ਕਿ ਕੁੱਝ ਪਲਾਂ ਵਿੱਚ ਉਹ ਰੁੱਖ ਧਰਤੀ ਉੱਪਰ ਡਿੱਗ ਪਵੇਗਾ ਕਿਉਂਕਿ ਉਸ ਦੀਆਂ ਜੜ੍ਹਾਂ ਦੀ ਮਿੱਟੀ ਖੁਰਦੀ ਜਾ ਰਹੀ ਹੈ। ਮੇਰੇ ਪੈਰਾਂ ਹੇਠੋਂ ਵੀ ਪਾਣੀ ਵਗ ਰਿਹਾ ਹੈ। ਮੇਰੇ ਪੈਰਾਂ ਹੇਠੋਂ ਵੀ ਮਿੱਟੀ ਖੁਰ ਰਹੀ ਹੈ।" ਅਚਾਨਕ ਇੱਕ ਧਮਾਕੇ ਦੀ ਅਵਾਜ ਆਈ। ਮੈਂ ਤ੍ਰਬਕ ਕੇ ਅੱਖਾ ਖੋਲ੍ਹੀਆਂ। ਪਟਾਕੇ ਚੱਲ ਰਹੇ ਹਨ। ਅਸੀਂ ਘਰ ਪਹੁੰਚ ਚੁੱਕੇ ਹਾਂ। ਹਨੇਰਾ ਹੋ ਚੁਕਿਆ ਹੈ। ਗੱਡੀ ਵਿੱਚੋਂ ਨਿਕਲ ਕੇ ਮੈਂ ਆਪਣੇ ਕਮਰੇ ਵਿੱਚ ਜਾਂਦਾ ਹਾਂ ਤੇ ਧੜਾਮ ਕਰਕੇ ਆਪਣੇ ਬੈੱਡ ਤੇ ਡਿੱਗ ਪੈਂਦਾ ਹਾਂ।



ਗੁਰਦੀਪ ਕੌਰੇਆਣਾ
9915013953

# ਬੁੱਧ ਬਾਣ : ਪੰਜਾਬ ਫੇਰ ਲੀਹੋਂ ਲੱਥਿਆ?

ਇਸ ਸਮੇਂ ਪੰਜਾਬ ਫਿਰ ਆਪਣੀਆਂ ਲੀਹਾਂ ਤੋਂ ਲਹਿੰਦਾ ਜਾ ਰਿਹਾ ਹੈ। ਇਸ ਨੂੰ ਲੀਹਾਂ ਤੋਂ ਲਾਉਣ ਲਈ ਜਿੱਥੇ ਸਿਆਸੀ ਪਾਰਟੀਆਂ ਵੱਡੇ ਪੱਧਰ ਉੱਤੇ ਆਪਣੀ ਭੂਮਿਕਾ ਨਿਭਾ ਰਹੀਆਂ ਹਨ, ਉੱਥੇ ਪੰਜਾਬ ਵਿਰੋਧੀ ਸ਼ਕਤੀਆਂ ਵੀ ਸਰਗਰਮ ਹੋ ਗਈਆਂ ਹਨ। ਪਿਛਲੇ ਸਮਿਆਂ ਤੋਂ ਅੱਸੀਵਿਆਂ ਵਰਗਾ ਮਾਹੌਲ ਬਣਾਇਆ ਜਾ ਰਿਹਾ ਹੈ। ਉਸੇ ਤਰ੍ਹਾਂ ਸ਼ਰ੍ਹੇਆਮ ਗੋਲੀਆਂ ਚਲਾਈਆਂ ਜਾ ਰਹੀਆਂ ਹਨ। ਲੁੱਟਾਂ ਖੋਹਾਂ ਕੀਤੀਆਂ ਜਾ ਰਹੀਆਂ ਹਨ। ਗੁੰਡਾਗਰਦੀ ਦਾ ਨੰਗਾ ਨਾਚ ਸ਼ੁਰੂ ਹੋ ਗਿਆ ਹੈ। ਝੂਠੇ ਪੁਲਿਸ ਮੁਕਾਬਲਿਆਂ ਵਿੱਚ ਨੌਜਵਾਨ ਖ਼ਤਮ ਕੀਤੇ ਜਾ ਰਹੇ ਹਨ। ਪਹਿਲਾਂ ਅੱਤਵਾਦੀ ਕਹਿ ਕੇ ਮਾਰਿਆ ਜਾ ਰਿਹਾ ਸੀ, ਹੁਣ ਗੈਂਗਸਟਰ ਬਣਾਇਆ ਜਾ ਰਿਹਾ ਹੈ। ਪੁਲਿਸ ਦੇ ਅੜਿੱਕੇ ਆਉਣ ਵਾਲੇ ਦੀ ਖੱਬੀ ਲੱਤ ਉੱਤੇ ਪਲੱਸਤਰ ਹੁੰਦਾ ਹੈ। ਹਰ ਕਿਸੇ ਦੇ ਪੈਰ ਵਿਚ ਹੀ ਕਿਉਂ ਗੋਲੀ ਲੱਗ ਦੀ ਹੈ। ਸਾਬਕਾ ਮੁੱਖ ਮੰਤਰੀ ਤੇ ਮੌਜੂਦਾ ਸੰਸਦ ਮੈਂਬਰ ਚਰਨਜੀਤ ਸਿੰਘ ਚੰਨੀ ਤੇ ਸੁਖਪਾਲ ਸਿੰਘ ਖਹਿਰਾ ਤੇ ਸਿਆਸੀ ਵਿਸ਼ਲੇਸ਼ਕ ਮਾਲਵਿੰਦਰ ਸਿੰਘ ਮਾਲੀ ਕਹਿੰਦੇ ਹਨ ਕਿ ਪੰਜਾਬ ਪੁਲਿਸ ਸਟੇਟ ਬਣ ਗਿਆ ਹੈ। ਇਸਨੂੰ ਅਣ ਐਲਾਨੀ ਐਮਰਜੈਂਸੀ ਵੀ ਕਿਹਾ ਜਾ ਰਿਹਾ ਹੈ। ਕਿਉਂਕਿ ਹੁਣ ਵੀ ਅੱਸੀਵਿਆਂ ਵਾਂਗ ਲੋਕਾਂ ਨੇ ਮੂੰਹ ਉੱਤੇ ਛਿਕਲੀਆਂ ਬੰਨ੍ਹ ਲਈਆਂ ਹਨ। ਕੋਈ ਕੁਸਕਦਾ ਨਹੀਂ, ਸਭ ਤਮਾਸ਼ਾ ਦੇਖ ਰਹੇ ਹਨ। ਸਿਆਸੀ ਪਾਰਟੀਆਂ ਦਾ ਆਪਸੀ ਕਾਟੋ ਕਲੇਸ਼ ਚੱਲ ਰਿਹਾ ਹੈ। ਕਾਂਗਰਸ ਵਾਲੇ ਇੱਕ ਦੂਜੇ ਨੂੰ ਨੀਵਾਂ ਦਿਖਾਉਣ ਲਈ ਪੱਬਾਂ ਭਾਰ ਹੋਏ ਫਿਰਦੇ ਹਨ। ਉਹ ਹੁਣ ਤੱਕ ਇਹ ਆਖਦੇ ਸਨ ਕਿ ਆਪ ਆਦਮੀ ਪਾਰਟੀ ਦੀ ਸਰਕਾਰ ਨੂੰ ਦਿੱਲੀ ਤੋਂ ਚਲਾਇਆ ਜਾ ਰਿਹਾ ਹੈ। ਅਰਵਿੰਦ ਕੇਜਰੀਵਾਲ ਪੰਜਾਬ ਦੇ ਵਿਧਾਇਕਾਂ ਨੂੰ ਦਿੱਲੀ ਤਲਬ ਕਰਕੇ ਮੀਟਿੰਗਾਂ ਕਰਦਾ ਹੈ, ਹੁਣ ਕਾਂਗਰਸ ਵਾਲੇ ਦਿੱਲੀ ਹਾਈਕਮਾਂਡ ਨਾਲ ਗੱਲਬਾਤ ਕਰਨ ਗਏ ਸਨ। ਉਥੇ ਇਹਨਾਂ ਇੱਕ ਦੂਜੇ ਦਾ ਜਲੂਸ ਕੱਢਿਆ ਹੈ। ਇਧਰ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸ੍ਰੀ ਅਕਾਲ ਤਖਤ ਸਾਹਿਬ ਜੀ ਵਿਚਕਾਰ ਇੱਕ ਜੰਗ ਸ਼ੁਰੂ ਹੋਈ ਹੈ, ਇਸ ਨੇ ਦੋਹਾਂ ਧਿਰਾਂ ਨੂੰ ਆਮੋ ਸਾਹਮਣੇ ਖੜਾ ਕਰ ਦਿੱਤਾ ਹੈ। ਪਿਛਲੇ ਦਿਨੀ ਦੋ ਦਸੰਬਰ ਨੂੰ ਸ੍ਰੀ ਅਕਾਲ ਤਖਤ ਸਾਹਿਬ ਨੇ ਸ਼੍ਰੋਮਣੀ ਅਕਾਲੀ ਦਲ ਬਾਦਲ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਕਾਰਜਕਾਰਨੀ ਨੂੰ ਤਲਬ ਕਰਕੇ ਸਜ਼ਾ ਸੁਣਾਈ ਸੀ ਇਸ ਸਜ਼ਾ ਨੂੰ ਅੱਧ ਪਚੱਧ ਭੁਗਤਣ ਦਾ ਕੰਮ ਬਾਦਲਕਿਆਂ ਨੇ ਕੀਤਾ। ਹੁਣ ਇਹ ਅਕਾਲੀ ਦਲ ਬਾਦਲ, ਸ੍ਰੀ ਅਕਾਲ ਤਖਤ ਸਾਹਿਬ ਦੇ ਨਾਲ ਸਿੱਧੀ ਟੱਕਰ ਲੈਣ ਲਈ ਉੱਤਰ ਆਇਆ ਹੈ। ਉਸ ਨੇ ਜਿਸ ਤਰ੍ਹਾਂ ਸ੍ਰੀ ਅਕਾਲ ਤਖਤ ਸਾਹਿਬ ਵਰਗੀ ਸੰਸਥਾ ਨੂੰ ਢਾਹ ਲਾਉਣ ਦੀ ਕੋਸ਼ਿਸ਼ ਕੀਤੀ ਹੈ, ਉਸ ਨੇ ਪੰਥਕ ਧਿਰਾਂ ਦੇ ਵਿੱਚ ਇੱਕ ਵੱਖਰੀ ਤਰ੍ਹਾਂ ਦੀ ਬਹਿਸ ਛੇੜ ਦਿੱਤੀ ਹੈ। ਇਹ ਬਹਿਸ ਕਿਹੜੇ ਤਣ ਪੱਤਣ ਲੱਗੇਗੀ, ਇਸ ਬਾਰੇ ਬਹੁਤ ਸਾਰੇ ਵਿਦਵਾਨਾਂ ਦਾ ਵਿਚਾਰ ਹੈ ਕਿ ਪੰਜਾਬ ਫਿਰ 1970ਵੇਂ ਆ ਵਾਲੇ ਦੌਰ ਵਿੱਚੋਂ ਵੱਧ ਰਿਹਾ ਹੈ ਕਿਉਂਕਿ 1970 ਦੇ ਵਿੱਚ ਸਿੱਖਾਂ ਅਤੇ ਨਿਰੰਕਾਰੀਆਂ ਵਿਚਕਾਰ ਖਿੱਚੋਤਾਨ ਸ਼ੁਰੂ ਹੋ ਗਈ ਸੀ ਜਿਹੜੀ 1978 ਵਿੱਚ ਹਿੰਸਕ ਹੋ ਗਈ ਸੀ। ਉਸ ਤੋਂ ਬਾਅਦ ਜਿਸ ਤਰ੍ਹਾਂ ਸ੍ਰੀ ਦਰਬਾਰ ਸਾਹਿਬ ਉੱਤੇ ਹਮਲਾ, ਸਿੱਖ ਨੌਜਵਾਨਾਂ ਦਾ ਝੂਠੇ ਮੁਕਾਬਲਿਆਂ ਵਿੱਚ ਮਾਰੇ ਜਾਣਾ,1984 ਦੇ ਵਿੱਚ ਤਤਕਾਲੀ ਪ੍ਰਧਾਨ ਮੰਤਰੀ ਸ੍ਰੀਮਤੀ ਇੰਦਰਾ ਗਾਂਧੀ ਦਾ ਕਤਲ ਹੋ ਜਾਣਾ ਦਿੱਲੀ ਅਤੇ ਹੋਰ ਭਾਰਤ ਦੇ ਰਾਜਾਂ ਵਿੱਚ ਸਿੱਖਾਂ ਦਾ ਕਤਲੇਆਮ ਹੋਣਾ ਇਹ ਘਟਨਾਵਾਂ ਦਾ ਮੁੱਢ ਉਦੋਂ ਵੀ ਇਸੇ ਤਰ੍ਹਾਂ ਵੱਜਾ ਸੀ। ਜਿਸ ਤਰ੍ਹਾਂ ਦਾ ਹੁਣ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਸ਼੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਮੀਡੀਏ ਦੇ ਨਾਲ ਗੱਲਬਾਤ ਕਰਦਿਆਂ ਆਖਿਆ ਸੀ ਕਿ ਦੋ ਦਸੰਬਰ 2024 ਨੂੰ ਸੁਣਾਏ ਗਏ ਫੈਸਲੇ ਨੂੰ ਸ਼੍ਰੋਮਣੀ ਅਕਾਲੀ ਦਲ ਜਿਉਂ ਦੀ ਤਿਉਂ ਲਾਗੂ ਕਰੇ ਪਰ ਬਾਦਲਕਿਆ ਵੱਲੋਂ ਇਸ ਨੂੰ ਮੰਨਣ ਤੋਂ ਸਿੱਧਾ ਤਾਂ ਨਹੀਂ ਅਸਿੱਧਾ ਇਨਕਾਰ ਕੀਤਾ ਜਾ ਰਿਹਾ ਹੈ ਪਰ ਕੱਲ੍ਹ ਸੁਖਬੀਰ ਬਾਦਲ ਨੇ ਮਾਘੀ ਦੇ ਮੇਲੇ ਮੌਕੇ ਹੋਣ ਵਾਲੀ ਕਾਨਫਰੰਸ ਵਿੱਚ ਪੁੱਜਣ ਲਈ ਜਿਹੜਾ ਸੱਦਾ ਦਿੰਦਿਆਂ ਉਹਨਾਂ ਆਪਣੇ ਸ਼ਬਦਾਂ ਦੀ ਵਰਤੋਂ ਕੀਤੀ ਹੈ, ਉਸ ਤੋਂ ਇੰਝ ਲੱਗਦਾ ਹੈ ਕਿ ਪੰਜਾਬ ਫਿਰ ਭਰਾ ਮਾਰੂ ਜੰਗ ਵਿੱਚ ਉਲਝੇਗਾ। ਇਸ ਦੇ ਨਾਲ ਸਿੱਖਾਂ ਵਿੱਚ ਚਿੰਤਾ ਵਧ ਗਈ ਹੈ ਕਿਉਂਕਿ ਪੰਜਾਬ ਦੇ ਲੋਕਾਂ ਨੇ ਪੰਜ ਦਹਾਕੇ ਜਿਹੜਾ ਸੰਤਾਪ ਹੰਢਾਇਆ, ਉਹ ਨਹੀਂ ਚਾਹੁੰਦੇ ਕਿ ਪੰਜਾਬ ਫਿਰ ਉਸੇ ਰਾਹਾਂ ਉੱਤੇ ਤੁਰੇ ਜਿਹੜੇ ਰਾਹਾਂ ਤੋਂ ਪੰਜਾਬ ਨੇ ਆਪਣਾ ਮੁੱਖ ਮੋੜ ਲਿਆ ਸੀ। 1984 ਵੇਲੇ ਜਿਸ ਤਰ੍ਹਾਂ ਪੰਜਾਬ ਦੇ ਨੌਜਵਾਨਾਂ ਦਾ ਪੁਲਿਸ ਨੇ ਸ਼ਿਕਾਰ



ਕੀਤਾ ਤੇ ਉਹਨਾਂ ਨੂੰ ਝੂਠੇ ਪੁਲਿਸ ਮੁਕਾਬਲਿਆਂ ਵਿੱਚ ਮਾਰਿਆ ਇਸ ਦਾ ਸੰਤਾਪ ਪੰਜਾਬ ਹਜੇ ਤੱਕ ਵੀ ਭੁਗਤ ਰਿਹਾ ਹੈ ਪਰ ਹੁਣ ਇੱਕ ਵਾਰ ਫਿਰ ਪੰਜਾਬ ਨੂੰ ਉਹੀ ਲੀਹਾਂ ਤੇ ਤੋਰਨ ਲਈ ਦੋਵੇਂ ਧਿਰਾਂ ਸਰਗਰਮ ਹਨ ਤੇ ਪੰਜਾਬ ਵਿਰੋਧੀ ਧਿਰ ਇਸ ਨੂੰ ਹਵਾ ਦੇਣ ਲਈ ਆਪਣਾ ਕਾਰਜ ਕਰ ਰਹੀ ਹੈ। ਦੂਜੇ ਪਾਸੇ ਖਨੌਰੀ ਅਤੇ ਸ਼ੰਭੂ ਬਾਰਡਰ ਉੱਤੇ ਕਿਸਾਨ ਜਥੇਬੰਦੀਆਂ ਕੇਂਦਰ ਸਰਕਾਰ ਦੇ ਨਾਲ ਖੇਤੀਬਾੜੀ ਦੇ ਕਾਨੂੰਨਾਂ ਨੂੰ ਲੈ ਕੇ ਸੰਘਰਸ਼ ਕਰ ਰਹੀਆਂ ਹਨ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਚੱਲਦਾ ਹੈ, ਉਹਨਾਂ ਦੀ ਹਾਲਤ ਦਿਨੋਂ ਦਿਨ ਪਤਲੀ ਹੁੰਦੀ ਜਾ ਰਹੀ ਹੈ। ਪੰਜਾਬ ਉਸਦੇ ਮਰਨ ਵਰਤ ਨੂੰ ਭੁੱਲ ਗਿਆ ਹੈ। ਐਸ ਕੇ ਐਮ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸਿੱਧਾ ਚੈਲੰਜ ਕੀਤਾ ਹੈ। ਪਰ ਭਗਵੰਤ ਮਾਨ ਕਿਸਾਨ ਜਥੇਬੰਦੀਆਂ ਨੂੰ ਟਿੱਚ ਸਮਝਣ ਲੱਗਿਆ ਹੋਇਆ ਹੈ। ਪੰਜਾਬ ਪੁਲਿਸ ਦੀਆਂ ਸਰਗਰਮੀਆਂ ਵਧ ਗਈਆਂ ਹਨ। ਇਹ ਘਟਨਾਵਾਂ ਪੰਜਾਬ ਨੂੰ ਕਿਹੜੇ ਰਸਤੇ ਲੈ ਕੇ ਜਾਣਗੀਆਂ, ਇਸ ਤੋਂ ਅੰਦਾਜ਼ਾ ਲਗਾਇਆ ਜਾ ਸਕਦਾ ਹੈ। ਕਿ ਨਾ ਤਾਂ ਪੰਜਾਬ ਸਰਕਾਰ ਤੇ ਨਾ ਹੀ ਕੇਂਦਰ ਸਰਕਾਰ ਪੰਜਾਬ ਦੇ ਇਸ ਕਿਸਾਨ ਅੰਦੋਲਨ ਪ੍ਰਤੀ ਗੰਭੀਰ ਨਹੀਂ ਸਗੋਂ ਉਹ ਇਸ ਨੂੰ ਹਿੰਸਕ ਬਣਾਉਣ ਲਈ ਜਰੂਰ ਪੱਬਾਂ ਭਾਰ ਹੋਈ ਹੈ। ਭਵਿੱਖ ਵਿੱਚ ਕੀ ਹੁੰਦਾ ਹੈ, ਇਹ ਤਾਂ ਅਗਲੇ ਦਿਨਾਂ ਵਿੱਚ ਪਤਾ ਲੱਗੇਗਾ ਪਰ ਪੰਜਾਬ ਲਈ ਹਾਲਾਤ ਕੋਈ ਬਹੁਤੇ ਸਾਜ਼ਗਾਰ ਨਹੀਂ। ਪੰਜਾਬ ਫਿਰ ਕਾਲੇ ਦੌਰ ਵੱਲ ਵੱਧਦੇ ਜਾ ਰਿਹਾ ਹੈ। ਇਧਰ ਸ੍ਰੀ ਆਕਾਲ ਤਖ਼ਤ ਸਾਹਿਬ ਤੋਂ ਬਣੀ ਪੰਜ ਮੈਂਬਰੀ ਕਮੇਟੀ ਨੇ ਅਠਾਰਾਂ ਮਾਰਚ ਤੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਸ਼ੁਰੂ ਕਰਨੀ ਹੈ। ਅੱਜ ਚੰਡੀਗੜ੍ਹ ਵਿੱਚ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ਼੍ਰੋਮਣੀ ਅਕਾਲੀ ਦਲ ਬਾਦਲ ਦੀ ਮੀਟਿੰਗ ਹੋ ਰਹੀ ਹੈ। ਪੰਜਾਬ ਵਿੱਚ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੇ ਮੈਂਬਰਾਂ ਖਿਲਾਫ ਸਿੱਖ ਸੰਗਤਾਂ ਰੋਸ ਪ੍ਰਦਰਸ਼ਨ ਕਰ ਰਹੀਆਂ ਹਨ। ਹਿਮਾਚਲ ਪ੍ਰਦੇਸ਼ ਵਿੱਚ ਪੰਜਾਬ ਦੇ ਨੌਜਵਾਨਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਉਥੇ ਤਨਾਅਪੂਰਨ ਮਾਹੌਲ ਬਣਿਆ ਹੋਇਆ ਹੈ। ਹੋਲਾ ਮਹੱਲਾ ਇੱਕ ਦੋ ਹਾਦਸਿਆਂ ਤੋਂ ਬਾਅਦ ਸਮਾਪਤ ਹੋ ਗਿਆ ਹੈ। ਸਿੱਖਾਂ ਨੇ ਸਿੱਖੀ ਦੇ ਪੱਕੇ ਰੰਗ ਨੂੰ ਤਿਆਗ ਕੇ ਕੱਚੇ ਰੰਗ ਵਿਚ ਆਪਣਾ ਆਪ ਰੰਗਿਆ ਹੈ। ਹੋਲੇ ਮਹੱਲੇ ਉਤੇ ਪਹਿਲੇ ਸਮਿਆਂ ਵਿੱਚ ਇਹਨਾਂ ਰੰਗਾਂ ਦੀ ਵਰਤੋਂ ਨਹੀਂ ਸੀ ਹੁੰਦੀ ਪਰ ਹੁਣ ਸਿੱਖੀ ਨੂੰ ਭਗਵਾਂ ਰੰਗ ਚੜ੍ਹ ਗਿਆ ਹੈ, ਜਿਸਨੂੰ ਹੁਣ ਗੂੜ੍ਹਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਬਾਦਲਕਿਆਂ ਵਲੋਂ ਹਰ ਸੰਭਵ ਕੋਸ਼ਿਸ਼ ਕੀਤੀ ਜਾ ਰਹੀ ਹੈ। ਪੰਜਾਬ ਆਪਣੀ ਲੀਹੋਂ ਲਹਿੰਦਾ ਜਾ ਰਿਹਾ ਹੈ। ਪੰਜਾਬ ਦੇ ਵਿਦਵਾਨਾਂ, ਸਾਹਿਤਕਾਰਾਂ ਤੇ ਲੇਖਕਾਂ ਵਲੋਂ ਪੰਜਾਬੀ ਭਾਸ਼ਾ ਦੇ ਨਾਂ ਤੇ ਮੰਡੇ ਪਕਾਏ ਜਾ ਰਹੇ ਹਨ। ਉਹਨਾਂ ਨੂੰ ਚੇਤੇ ਨਹੀਂ ਕਿ ਪੰਜਾਬ ਕਿਧਰ ਨੂੰ ਤੁਰ ਪਿਆ ਹੈ ਜਾਂ ਤੋਰਿਆ ਜਾ ਰਿਹਾ ਹੈ। ਉਹ ਆਪਣੀ ਡਫਲੀ ਵਜਾ ਕੇ ਵਕਤ ਰੰਗੀਨ ਕਰ ਰਹੇ ਹਨ। ਜਿਸ ਤਰ੍ਹਾਂ ਦਾ ਮਾਹੌਲ ਬਣਿਆ ਹੋਇਆ ਹੈ, ਹੁਣ ਪੰਜਾਬ ਨੂੰ ਆਪਣੀ ਹੋਂਦ ਬਚਾਉਣੀ ਮੁਸ਼ਕਿਲ ਹੈ। ਕਿਉਂਕਿ ਪੰਜਾਬ ਖੁਦ ਬਰਬਾਦ ਹੋਣ ਲਈ ਪੱਬਾਂ ਭਾਰ ਹੋਇਆ ਫਿਰਦਾ ਹੈ। ਕਿਉਂਕਿ ਪੰਜਾਬ ਨੂੰ ਬਰਬਾਦ ਕਰਨ ਲਈ ਅੰਦਰੋਂ ਬਾਹਰੋਂ ਸ਼ਕਤੀਆਂ ਸਰਗਰਮ ਹਨ। ਕੀ ਬਣੇਗਾ ਪੰਜਾਬ ਦੇ ਲੋਕਾਂ ਦਾ ਇਹ ਤਾਂ ਹੁਣ ਉਪਰ ਵਾਲੇ ਜਾਣਦੇ ਹਨ ਜਿਹਨਾਂ ਨੇ ਇਸਨੂੰ ਲੀਹੋਂ ਲਾਹੁਣ ਲਈ ਇਹ ਖੇਡਾਂ ਸ਼ੁਰੂ ਕੀਤੀਆਂ ਹਨ। ਆਪਾਂ ਕੀ ਲੈਣਾ ਹੈ, ਦੀ ਵਿਚਾਰਧਾਰਾ ਲੋਕ ਮਨਾਂ ਵਿੱਚ ਘਰ ਕਰ ਗਈ ਹੈ। ਇਸੇ ਕਰਕੇ ਇਹ ਹਾਲਾਤ ਬਣੇ ਹਨ। ਆਪਾਂ ਵੀ ਕੀ ਲੈਣਾ ਹੈ, ਲਵੋ ਨਜ਼ਾਰੇ।

***

**ਬੁੱਧ ਸਿੰਘ ਨੀਲੋਂ**
**9464370823**



# ਅਲੋਪ ਹੋ ਰਿਹਾ "ਚੁੱਲ੍ਹੇ ਨਿਉਂਦੇ" ਦਾ ਰਿਵਾਜ਼

ਪੁਰਾਤਨ ਸਮਿਆਂ ਵਿੱਚ ਜਦੋਂ ਵੀ ਕਿਸੇ ਪਿੰਡ ਜਾਂ ਪਰਿਵਾਰ ਵਿੱਚ ਵਿਆਹ ਹੁੰਦਾ ਤਾਂ ਸਮੂਹ ਭਾਈਚਾਰੇ ਦੇ ਰਿਸ਼ਤੇਦਾਰਾਂ ਅਤੇ ਆਂਡ-ਗੁਆਂਡ ਨੂੰ "ਚੁੱਲ੍ਹੇ ਨਿਉਂਦੇ" ਦਾ ਸੱਦਾ ਭੇਜਿਆ ਜਾਂਦਾ।

ਪੰਜਾਬੀ ਸਭਿਆਚਾਰ ਆਪਣੇ ਵਿਅਕਤੀਗਤ ਤੇ ਭਾਈਚਾਰਕ ਰਵਾਇਤਾਂ ਲਈ ਪ੍ਰਸਿੱਧ ਹੈ। ਇਹੋ ਜਿਹੀ ਹੀ ਇੱਕ ਰਵਾਇਤ ਹੈ "ਚੁੱਲ੍ਹੇ ਨਿਉਂਦੇ" ਦੀ, ਜੋ ਪੰਜਾਬੀ ਵਿਆਹਾਂ ਦੀ ਆਪਸੀ ਸਾਂਝ ਅਤੇ ਮਿਲਣਵਰਤਨ ਦਾ ਪ੍ਰਤੀਕ ਹੈ। ਸਮੂਹਿਕ ਜੀਵਨ ਦੀ ਰੌਣਕ ਬਣੀ ਇਹ ਪਰੰਪਰਾ ਅੱਜ ਆਧੁਨਿਕਤਾ ਦੀ ਝਲਕ ਵਿੱਚ ਅਲੋਪ ਹੁੰਦੀ ਜਾ ਰਹੀ ਹੈ।

ਪੁਰਾਤਨ ਸਮਿਆਂ ਵਿੱਚ ਜਦੋਂ ਵੀ ਕਿਸੇ ਪਿੰਡ ਜਾਂ ਪਰਿਵਾਰ ਵਿੱਚ ਵਿਆਹ ਹੁੰਦਾ ਤਾਂ ਸਮੂਹ ਭਾਈਚਾਰੇ ਦੇ ਰਿਸ਼ਤੇਦਾਰਾਂ ਅਤੇ ਆਂਡ-ਗੁਆਂਡ ਨੂੰ "ਚੁੱਲ੍ਹੇ ਨਿਉਂਦੇ" ਦਾ ਸੱਦਾ ਭੇਜਿਆ ਜਾਂਦਾ। ਜਿਸ ਪਰਿਵਾਰ ਨੂੰ ਇਹ ਸੱਦਾ ਮਿਲਦਾ ਉਹ ਆਪਣੇ ਘਰ ਦਾ ਚੁੱਲ੍ਹਾ ਚੌਂਕਾ ਬੰਦ ਰੱਖ ਵਿਆਹ ਵਾਲੇ ਘਰ 'ਚ ਹੀ ਖਾਣ-ਪੀਣ ਕਰਦੇ ਤੇ ਕੰਮ ਕਾਜ਼ 'ਚ ਹੱਥ ਵਟਾਉਂਦੇ। ਇਹ ਰਵਾਇਤ ਨਾ ਕੇਵਲ ਵਿਅਕਤੀਗਤ ਸੰਬੰਧਾਂ ਨੂੰ ਮਜ਼ਬੂਤ ਕਰਦੀ ਬਲਕਿ ਵਿਆਹ ਦੀਆਂ ਤਿਆਰੀਆਂ ਵਿੱਚ ਉਨ੍ਹਾਂ ਵਲੋਂ ਯੋਗਦਾਨ ਵੀ ਪਾਉਂਦੀ।

ਇਸ ਰਸਮ ਤਹਿਤ ਸੱਜਣ-ਸੰਬੰਧੀ ਆਪਣੇ ਘਰੋਂ ਆਟਾ, ਦਾਲ, ਚੌਲ, ਗੁੜ, ਘਿਉ ਅਤੇ ਹੋਰ ਲੋੜੀਂਦੀਆਂ ਵਸਤੂਆਂ ਲੈ ਕੇ ਆਉਂਦੇ, ਜੋ ਕਿ ਵਿਆਹ-ਸ਼ਗਨ ਦੀਆਂ ਰਸਮਾਂ ਵਿੱਚ ਵਰਤੀਆਂ ਜਾਂਦੀਆਂ। ਇਹ ਪੰਜਾਬੀ ਸਭਿਆਚਾਰ ਦੀ ਉਹ ਰਵਾਇਤ ਸੀ ਜਿੱਥੇ ਭਾਈਚਾਰਕ ਸਹਿਯੋਗ ਦੀ ਮਹਿਕ ਵੀ ਹੁੰਦੀ।

"ਚੁੱਲ੍ਹੇ ਨਿਉਂਦੇ" ਦੌਰਾਨ ਪਰਿਵਾਰ ਦੇ ਮਰਦ ਪਹਿਲਾਂ ਭੋਜਨ ਕਰਦੇ ਅਤੇ ਔਰਤਾਂ ਉਨ੍ਹਾਂ ਤੋਂ ਬਾਅਦ। ਭੋਜਨ ਸਧਾਰਣ ਪਰ ਪਰੰਪਰਾਵਾਦੀ ਹੁੰਦਾਂ।



ਇਹ ਸਾਰਾ ਖਾਣ-ਪੀਣ ਖੁੱਲ੍ਹੇ ਮਨ ਅਤੇ ਪਿਆਰ-ਮੁਹੱਬਤ ਨਾਲ ਵੰਡਿਆ ਜਾਂਦਾ। ਖਾਣੇ ਸਮੇਂ ਪਰੋਸਣ ਦਾ ਮੌਕਾ ਵੀ ਖਾਸ ਸੰਬੰਧੀਆਂ ਅਤੇ ਦੋਸਤਾਂ ਨੂੰ ਮਿਲਦਾ ਜੋ ਕਿ ਇੱਕ ਸਨਮਾਨ ਦੀ ਗੱਲ ਵੀ ਸਮਝੀ ਜਾਂਦੀ।ਵਿਆਹ ਦੀਆਂ ਰਸਮਾਂ ਵਿਚ "ਚੁੱਲ੍ਹੇ ਨਿਉਂਦੇ ਤੇ ਆਉਣ ਵਾਲੇ ਸ਼ਰੀਕ-ਭਾਈਚਾਰੇ ਦੇ ਲੋਕ ਵਿਆਹੁੰਦੜੇ ਮੁੰਡੇ ਜਾਂ ਕੁੜੀ ਲਈ ਸ਼ਗਨ ਵਜੋਂ ਪੈਸੇ ਜਾਂ ਕੱਪੜੇ ਲੈ ਕੇ ਆਉਂਦੇ। ਇਸ ਦੌਰਾਨ, "ਲਾਗੀਏ ਲਾਗ" ਦੀ ਰਸਮ ਵੀ ਨਿਭਾਈ ਜਾਂਦੀ ਹੈ, ਜਿਸ ਅਧੀਨ ਲਾਗੀਆਂ ਨੂੰ ਲਾਗ ਦੇ ਤੌਰ ਤੇ ਪੈਸੇ ਜਾਂ ਕੱਪੜੇ ਵੀ ਭੇਟ ਕੀਤੇ ਜਾਂਦੇ ਹਨ। ਜਿੱਥੇ ਇਹ ਰਸਮ ਭਾਈਚਾਰੇ ਅਤੇ ਸੰਬੰਧਾਂ ਦੀ ਮਜ਼ਬੂਤੀ ਨੂੰ ਦਰਸਾਉਂਦੀ ਉੱਥੇ ਹੀ ਇਹ ਰਸਮ ਸਮਾਜਕ ਏਕਤਾ ਦੀ ਨਿਸ਼ਾਨੀ ਵਜੋਂ ਮੰਨੀ ਜਾਂਦੀ।

ਸਮਾਂ ਬਦਲਣ ਨਾਲ ਜਿਥੇ ਜ਼ਿੰਦਗੀ ਤੇਜ ਰਫ਼ਤਾਰ ਨਾਲ ਅੱਗੇ ਵੱਧ ਰਹੀ ਹੈ ਉਥੇ ਹੀ ਪੰਜਾਬੀ ਵਿਆਹਾਂ ਦੀਆਂ ਪੁਰਾਣੀਆਂ ਰਸਮਾਂ ਵੀ ਹੌਲੀ - ਹੌਲੀ ਖਤਮ ਹੁੰਦੀਆਂ ਜਾ ਰਹੀਆਂ ਹਨ। ਹੁਣ ਵਿਆਹ ਮੈਰਿਜ ਪੈਲੇਸਾਂ ਵਿੱਚ ਹੋਣ ਲੱਗੇ ਪਏ, ਜਿੱਥੇ ਪਲੇਟ ਸਿਸਟਮ ਆ ਗਿਆ । "ਚੁੱਲ੍ਹੇ ਨਿਉਂਦੇ" ਦਾ ਉਹ ਸੱਦਾ ਜੋਕਿ ਆਪਸੀ ਯੋਗਦਾਨ ਸੀ ਹੁਣ ਉਸ ਦੀ ਥਾਂ ਕੇਟ੍ਰਿੰਗ ਨੇ ਲੈ ਲਈ ਹੈ। ਭੋਜਨ ਦੀ ਪੰਗਤ ਜੋ ਪਹਿਲਾਂ ਜ਼ਮੀਨ ਤੇ ਬੈਠ ਕੇ ਪਰੋਸੀ ਜਾਂਦੀ, ਹੁਣ ਟੇਬਲ-ਚੇਅਰ ਦੀ ਟੌਹਰ ਬਣ ਚੁੱਕੀ ਹੈ। "ਲਾਗ" ਜੋ ਪਹਿਲਾਂ ਲਾਗੀਆਂ ਨੂੰ ਤੋਹਫੇ ਦੇ ਤੌਰ 'ਤੇ ਦਿੱਤਾ ਜਾਂਦਾ ਹੁਣ ਉਹ ਪਲੇਟਾਂ ਲੈਕੇ ਭੱਜ ਰਹੇ ਵੇਟਰਾਂ ਨੂੰ "ਟਿੱਪ" ਦੇ ਰੂਪ 'ਚ ਮਿਲਣ ਲੱਗ ਪਿਆ।

ਭਾਵੇਂ "ਚੁੱਲ੍ਹੇ ਨਿਉਂਦੇ" ਵਰਗੀਆਂ ਪ੍ਰਥਾਵਾਂ ਹੁਣ ਬਹੁਤ ਘੱਟ ਰਹਿ ਗਈਆਂ ਹਨ ਪਰ ਇਹ ਅੱਜ ਵੀ ਪੰਜਾਬੀ ਸੱਭਿਆਚਾਰ ਦੇ ਇਤਿਹਾਸਕ ਪੰਨਿਆ 'ਚ ਆਪਣੀ ਮੌਜੂਦਗੀ ਦੀ ਗਵਾਹੀ ਦਿੰਦੀਆਂ ਹਨ। ਲੋੜ ਹੈ ਕਿ ਅਸੀਂ ਆਪਣੇ ਵਿਰਸੇ ਨੂੰ ਪਛਾਣੀਏ, ਜਿਨ੍ਹਾਂ ਰਸਮ-ਰਿਵਾਜਾਂ ਨੇ ਸਾਡੇ ਭਾਈਚਾਰੇ ਨੂੰ ਮਜ਼ਬੂਤ ਬਣਾਇਆ, ਉਨ੍ਹਾਂ ਨੂੰ ਸਿਰਫ਼ ਯਾਦਾਂ ਤੱਕ ਹੀ ਸੀਮਿਤ ਨਾ ਕਰੀਏ ਬਲਕਿ ਉਨ੍ਹਾਂ ਨੂੰ ਦੁਬਾਰਾ ਜੀਵੰਤ ਕਰਨ ਦੀ ਗੱਲ ਵੀ ਕਰੀਏ।



**ਬਲਦੇਵ ਸਿੰਘ ਬੇਦੀ**
**ਜਲੰਧਰ**

Samaj Weekly
ਸਮਾਜ ਵੀਕਲੀ
Punjabi, Hindi & English Newspaper - UK & EU Edition

ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ
facebook
samajweekly

ਸਾਨੂੰ ਐਕਸ ਤੇ ਫੌਲੋ ਕਰੋ
@samajweekly

ਸਾਡੇ ਵਟਸਐਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com